# ਸ਼ਬਦਾਂ ਦੀ ਦਹਿਲੀਜ਼

(ਕਾਵਿ-ਸੰਗ੍ਰਹਿ)

# ਸ਼ਬਦਾਂ ਦੀ ਦਹਿਲੀਜ਼

(ਕਾਵਿ-ਸੰਗ੍ਰਹਿ)

**ਜਸਪ੍ਰੀਤ ਸਿੱਧੂ**

*Poetry/Punjabi Poetry*

# Shabdan Dee Dehleez

*(Collection of poems)*

*by*

**Jaspreet Sidhu (M. A. B.Ed)**
V. Chowkiman. Teh. Jagroan.
Distt. Ludhiana (Punjab)
Ph. 01624-682954, Mob. 97815-34406.

2010
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2010, Author*

*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's and writer's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

**ਸਮਰਪਣ**

ਉਹਨਾਂ ਪਲਾਂ ਨੂੰ

ਜੋ ਕੁਦਰਤ ਮਾਂ ਅਤੇ ਪਿਤਾ ਪਰਮੇਸ਼ਵਰ

ਦਾ

ਅਹਿਸਾਸ ਕਰਵਾਉਂਦੇ ਹਨ।

# ਤਤਕਰਾ


➢ ਤੇਰੇ ਰੂਪ 11
➢ ਜ਼ਿੰਦਗੀ ਦੀ ਕਵਿਤਾ 13
➢ ਉਸ ਦਾ ਦਿਲ ਵੀ ਟੁੱਟ ਗਿਆ 15
➢ ਸੰਘਰਸ਼ ਜਾਰੀ ਹੈ.... 16
➢ ਕਿਉਂ ਪੰਜਾਬੀ ਨੂੰ ਕੋਈ ਮਾਂ ਨਾ ਕਹੇ ? 18
➢ ਟੁੱਟਣ ਦੀ ਕਗਾਰ ਤੇ ਖੜ੍ਹਾ ਸੁਪਨਾ 20
➢ ਆਧੁਨਿਕ ਮਨੁੱਖ 22
➢ ਪੰਜਾਬੀਅਤ 23
➢ ਮੁਸਕ੍ਰਾਹਟ 24
➢ ਤਮੰਨਾ 25
➢ ਤੜਫ਼ 26
➢ ਇਕੱਲਤਾ 29
➢ ਸਮਰਪਿਤ ਮਮਤਾ 30
➢ ਮਮਤਾ ਦਾ ਖ਼ੁਮਾਰ 34
➢ ਮੇਰੀ ਪਨਾਹ 39
➢ ਵਾਅਦਾ ਖ਼ਿਲਾਫ਼ੀ 41
➢ ਮੇਰੀ ਮਾਂ ਪੰਜਾਬੀ 43
➢ ਗ਼ਜ਼ਲਾਂ 45–100

# ਆਪਣੇ ਵਲੋਂ

ਨਰੋਆ ਸਾਹਿਤ ਹਰ ਭਾਸ਼ਾ ਦਾ ਇਕ ਅਮੀਰ ਖ਼ਜ਼ਾਨਾ ਹੁੰਦਾ ਹੈ। ਇਸੇ ਤਰ੍ਹਾਂ ਜ਼ਿੰਦਗੀ ਵਿਚ ਮਿਲਣ ਵਾਲੀ ਤੜਫ਼ ਅਤੇ ਖੁਸ਼ੀ ਦਾ ਅਹਿਸਾਸ ਕਾਵਿ-ਰਚਨਾ ਲਈ ਅਮੁੱਲ ਖ਼ਜ਼ਾਨਾ ਹਨ।

ਹਰ ਇਨਸਾਨ ਆਪਣੀ ਜ਼ਿੰਦਗੀ ਵਿਚ ਦੁੱਖ-ਦਰਦ ਦਾ ਸਾਹਮਣਾ ਕਰਦਾ ਹੈ, ਪਰ ਮਨ ਦੀ ਕਸਕ ਨੂੰ ਪ੍ਰਗਟਾਉਣ ਦਾ ਢੰਗ ਅਲੱਗ-ਅਲੱਗ ਹੁੰਦਾ ਹੈ। ਸਾਹਿਤਿਕ ਰੁਚੀਆਂ ਵਾਲੇ ਲੋਕ ਮਨ ਦੀ ਕਸਕ ਸਿਰਜਣਾਤਮਕ ਰਚਨਾਵਾਂ ਲਿਖ ਕੇ ਮਿਟਾ ਲੈਂਦੇ ਹਨ, ਠੀਕ ਇਸੇ ਤਰ੍ਹਾਂ ਦੀ ਮੇਰੀ ਰੁਚੀ ਹੈ। ਕਾਵਿ-ਰਚਨਾਵਾਂ ਰਚਣ ਦੀ ਪ੍ਰੇਰਨਾ ਮੈਨੂੰ ਕੁਦਰਤ ਅਤੇ ਪਰਮਾਤਮਾ ਤੋਂ ਮੁੱਢਲੇ ਤੌਰ 'ਤੇ ਮਿਲੀ ਹੈ। ਪਰ ਰਚਨਾ ਸਿਰਫ਼ ਆਪਣੇ ਦਰਦ ਅਤੇ ਆਪਣੀ ਜ਼ਿੰਦਗੀ ਤੱਕ ਸੀਮਿਤ ਨਹੀਂ ਹੋਣੀ ਚਾਹੀਦੀ, ਸਗੋਂ ਇਸ ਸਮਾਜ ਵਿਚ ਰਹਿੰਦਿਆਂ, ਸਮਾਜਿਕ ਪੱਖਾਂ, ਸਮੱਸਿਆਵਾਂ, ਲੋੜਾਂ ਆਦਿ ਨੂੰ ਵੀ ਸਮਰਪਿਤ ਹੋਣੀ ਚਾਹੀਦੀ ਹੈ। ਮੇਰੀ ਵੀ ਅਜਿਹੀ ਕੋਸ਼ਿਸ਼ ਰਹੀ ਹੈ ਕਿ ਮੇਰਾ ਦਰਦ, ਸਭ ਦਾ ਦਰਦ ਬਣੇ ਅਤੇ ਮੈਨੂੰ ਲੋਕਾਂ ਦੇ ਦਰਦ ਦਾ ਅਹਿਸਾਸ ਰਹੇ।

ਮੈਨੂੰ ਗਰਵ ਹੈ ਕਿ 'ਪੰਜਾਬੀ' ਮੇਰੀ ਮਾਂ-ਬੋਲੀ ਹੈ। ਹਰ ਇਨਸਾਨ ਆਪਣੀਆਂ ਭਾਵਨਾਵਾਂ ਅਤੇ ਕਿਸੇ ਹੋਰਾਂ ਦੀਆਂ ਭਾਵਨਾਵਾਂ ਨੂੰ ਆਪਣੀ ਮਾਂ-ਬੋਲੀ ਰਾਹੀਂ ਹੀ ਬਿਆਨ ਕਰ ਸਕਦਾ ਹੈ ਅਤੇ ਸਮਝ ਸਕਦਾ ਹੈ। ਆਪਣਾ ਇਹ ਹਥਲਾ ਕਾਵਿ-ਸੰਗ੍ਰਹਿ ਛਪਵਾਉਣ ਲਈ ਮੇਰੇ ਅਧਿਆਪਕਾਂ ਨੇ ਮੈਨੂੰ ਬਹੁਤ ਪ੍ਰੇਰਣਾ ਦਿੱਤੀ ਅਤੇ ਸਹੀ-ਸੇਧ ਵੀ ਦਿੱਤੀ। ਉਮੀਦ ਹੈ ਕਿ ਪਾਠਕਾਂ ਨੂੰ ਮੇਰਾ ਇਹ ਕਾਵਿ-ਸੰਗ੍ਰਹਿ ਜ਼ਰੂਰ ਪਸੰਦ ਆਵੇਗਾ, ਕਿਉਂਕਿ ਜ਼ਿੰਦਗੀ ਦੇ ਫੁੱਟਦੇ ਇਸ ਬੇਪਰਵਾਹ ਚਸ਼ਮੇ ਦੇ ਪਾਣੀ ਨਾਲ ਹਰ ਇਨਸਾਨ ਦਾ ਵਾਹ ਪੈ ਹੀ ਜਾਂਦਾ ਹੈ।

ਧੰਨਵਾਦ ਸਹਿਤ,

**ਜਸਪ੍ਰੀਤ ਕੌਰ ਸਿੱਧ**

# ਕਵਿਤਾਵਾਂ

## ਤੇਰੇ ਰੂਪ

ਬੱਦਲਾਂ ਦੇ ਵਿੱਚ ਤਾਰੇ ਚਿਣੇ ਨੇ
ਜਿਉਂ ਕਾਗਜ਼ 'ਤੇ ਸਤਰਾਂ,
ਦਿਲ ਮਿਠਾਸ ਨਾਲ ਭਰ ਜਾਂਦਾ ਹੈ
ਤੇਰੀ ਯਾਦ ਨੂੰ ਜਦ ਮੈਂ ਟੱਕਰਾਂ।

ਰਿਸ਼ਮੀ, ਦੁਧੀਆ, ਚਿੱਟਾ ਚਾਨਣ
ਦਿਲ ਨੂੰ ਟੁੰਬਦਾ ਜਾਵੇ,
ਚੰਨ ਦੁਆਲੇ ਘੇਰਾ ਘੱਤ ਕੇ
ਚਾਨਣ ਬੱਦਲਾਂ ਨੂੰ ਗੀਤ ਸੁਣਾਵੇ।

ਇਸ ਨਜ਼ਾਰੇ ਨੂੰ ਤੱਕਦਿਆਂ ਹੀ
ਮਨ ਲੋਚੇ ਮੇਰਾ ਵਾਰ-ਵਾਰ,
ਕਾਗਜ਼ ਦੇ ਘਰ ਅੰਦਰ ਵੜ ਕੇ
ਕੁੱਝ ਲਿਖੇ ਕਲਮ ਵਾਰ-ਵਾਰ।

ਇੰਝ ਤੇਰੇ ਬਾਰੇ ਸੋਚਦਿਆਂ ਹੀ
ਹੇ ਕੁਦਰਤ! ਰੰਗੀਲੀ ਮੇਰੀ ਮਾਂ,
ਮੈਂ ਕੁੱਝ ਵੀ ਬਣਾ ਤੇ ਕੁੱਝ ਵੀ ਕਹਾਂ
ਮੇਰੇ ਸਿਰ 'ਤੇ ਰਹੇ ਤੇਰੀ ਛਾਂ।

ਮੇਰੀ ਕਲਮ, ਮੇਰੇ ਦਿਲ ਦਾ ਹਾਲ
ਹੈ ਕੁਦਰਤ ਦੀ ਇਬਾਦਤ,
ਮੈਂ ਸਦਾ ਹੀ ਲਿਖਣਾ ਚਾਹਾਂ
ਜੇਕਰ ਰਹੇਗੀ ਜ਼ਿੰਦਗੀ ਸਲਾਮਤ।

ਇਹ ਫੁੱਲਾਂ ਦੀ ਮਹਿਕ
ਇਹ ਪੰਛੀਆਂ ਦੀ ਟਹਿਕ,
ਜੇ ਤੂੰ ਸਵੇਰ ਬਣ ਜਾਵੇਂ
ਮੇਰੀ ਜ਼ਿੰਦਗੀ ਬਣੇ ਸਰੋਦੀ ਚਹਿਕ।

ਹੀਰੇ ਮੋਤੀਆਂ ਨੂੰ ਪਾਉਣ ਮਾਤ
ਇਹ ਤ੍ਰੇਲ ਦੇ ਜੋ ਤੁਪਕੇ ਨੇ,
ਮੈਂ ਹਵਾ 'ਚੋਂ ਹਰਫ਼ ਕਿਵੇਂ ਚੁੱਕਾਂ
ਬੜੇ ਤੇਜ਼ ਹਵਾਵਾਂ ਦੇ ਠੁਮਕੇ ਨੇ।

ਤੇਰੇ ਰੂਪ ਦੀ ਕੀ-ਕੀ ਸਿਫ਼ਤ ਕਰਾਂ
ਹਰ ਰੂਪ ਦਿਲ ਮੇਰਾ ਠੱਗਿਆ ਏ,
ਤੇਰੇ ਨਜ਼ਾਰਿਆਂ 'ਚੋਂ ਆਪਣਾ ਅਕਸ ਵੇਖਾਂ
ਤੇਰੇ ਨਾਲ ਜਦੋਂ ਦਾ ਦਿਲ ਲੱਗਿਆ ਏ।

✵✵

# ਜ਼ਿੰਦਗੀ ਦੀ ਕਵਿਤਾ

ਹਾਂ, ਜਿੰਨੇ ਮੇਰੇ ਸ਼ਬਦ ਡੂੰਘੇ
ਓਨੇ ਡੂੰਘੇ ਦਰਦ ਨੇ।
ਜਿੰਨੀ ਮੇਰੀ ਤੜਫ਼ ਵੱਡੀ
ਓਨੀ ਵੱਡੀ ਤਮੰਨਾ ਹੈ।
ਜੇ ਇੱਕ ਕਿਣਕਾ ਪਿਆਰ ਦਾ
ਮੇਰੇ ਲਈ ਸੌਗ਼ਾਤ ਹੈ
ਤਾਂ ਨਫ਼ਰਤ ਵੀ ਮੇਰੇ ਲਈ
ਤੇਜ਼ਾਬ ਦੀ ਬਰਸਾਤ ਹੈ।
ਪਰ ਜ਼ਿੰਦਗੀ,
ਜ਼ਿੰਦਗੀ ਕੀ ਹੈ ?
ਜ਼ਿੰਦਗੀ ਤਾਂ ਵਗਦਾ ਪਾਣੀ ਏ;
ਇਹ ਵਗਦਾ ਪਾਣੀ
ਆਪਣੇ ਨਾਲ
ਬਹੁਤ ਕੁੱਝ ਵਹਾ ਕੇ
ਨਾਲ ਲੈ ਤੁਰਦਾ ਹੈ।
ਪਾਣੀ ਦੀ ਡੂੰਘਾਈ,
ਸ਼ਬਦਾਂ ਦੇ ਅਰਥ
ਡੂੰਘੇ ਕਰ ਦਿੰਦੀ ਏ।
ਦਰਦ ਤੋਂ ਉਪਜੀ ਤੜਫ਼
ਪਾਣੀ ਦੇ ਤਲ ਉੱਤੇ
ਲਹਿਰਾਉਂਦੀ ਰਹਿੰਦੀ ਏ।
ਤੜਫ਼ ਦੀਆਂ ਲਹਿਰਾਂ
ਚਟਾਨਾਂ ਨਾਲ ਟਕਰਾਉਣ ਦੀ
ਤਮੰਨਾ ਲੈ ਕੇ
ਵੱਖੋ-ਵੱਖ ਆਕ੍ਰਿਤੀਆਂ ਵਿੱਚ
ਬਦਲ ਜਾਂਦੀਆਂ ਨੇ।
ਫਿਰ ਇਹੀ ਆਕ੍ਰਿਤੀਆਂ
ਪਾਣੀ ਵਿੱਚੋਂ ਆਪਣਾ

ਅਕਸ ਵੇਖ ਕੇ
ਪਿਆਰ ਦੀ
ਸੌਗ਼ਾਤ ਲੱਭਦੀਆਂ ਨੇ।
ਇਹ ਕਿਸ ਤਰ੍ਹਾਂ ਦੀ
ਕਸ਼ਮਕਸ਼ ਹੈ,
ਜ਼ਿੰਦਗੀ ਦੇ ਵਹਾਅ ਵਿੱਚ
ਕਿ ਹਰ ਪੜਾਅ 'ਤੇ
ਨਫ਼ਰਤ ਦਾ ਘੋਲ
ਪਾਣੀ ਨੂੰ ਪ੍ਰਦੂਸ਼ਿਤ ਕਰ
ਜ਼ਹਿਰੀਲਾ ਬਣਾ ਦਿੰਦਾ ਹੈ।
ਇਨਸਾਨ ਤਾਂ ਬਸ
ਜ਼ਿੰਦਗੀ ਦੇ ਵਹਾਅ
ਵਿੱਚ ਰਿੜ੍ਹਦਾ ਜਾਂਦਾ ਹੈ।
ਸੌਖੇ ਮੈਦਾਨੀ ਰਸਤੇ,
ਪਹਾੜੀ ਰਸਤਿਆਂ ਨਾਲੋਂ
ਛੇਤੀ ਅਖ਼ਤਿਆਰ ਕਰਕੇ
ਗੁਆਚ ਜਾਂਦਾ ਹੈ ਫਿਰ
ਪਾਣੀ ਦੀ ਕਸ਼ਮਕਸ਼ ਵਿੱਚ,
ਜ਼ਿੰਦਗੀ ਦੀ ਕਸ਼ਮਕਸ਼ ਵਿੱਚ।
ਭਲਾ ਹੋਵੇ ਇਹਨਾਂ ਸ਼ਬਦਾਂ ਦਾ
ਜੋ ਜਵਾਰਭਾਟਾ
ਬਣ ਆਉਂਦੇ ਨੇ.........।

✷✷

## ਉਸ ਦਾ ਦਿਲ ਵੀ ਟੁੱਟ ਗਿਆ

ਉਹ ਅਣਜਾਣ ਜਿਹਾ ਹੋ ਕੇ
ਕੱਚ ਦੇ ਫ਼ਰੇਮ 'ਚ ਜੜ੍ਹੇ
ਆਪਣੇ ਦਿਲ ਅੰਦਰ ਖੜ੍ਹਾ ਸੀ।
ਏਨੇ ਨੂੰ ਇੱਕ ਤੇਜ਼ ਹਵਾ ਦਾ ਬੁੱਲਾ
ਹਨੇਰੀ ਵਾਂਗ ਆਇਆ
ਤੇ ਉਸਦਾ ਕੱਚ ਦਾ ਫ਼ਰੇਮ
ਟੁਕੜੇ-ਟੁਕੜੇ ਹੋ ਗਿਆ।

ਹੁਣ ਉਸ ਦਾ ਦਿਲ
ਤੇਜ਼ ਹਵਾਵਾਂ ਦੇ
ਘੇਰੇ ਵਿੱਚ ਉਲਝਿਆ ਸੀ।
ਉਹ ਹੈਰਾਨ ਜਿਹਾ ਹੋ ਕੇ
ਉਦਾਸ ਦਿਲ ਦੇ ਕੋਨੇ ਵਿੱਚ
ਜਾ ਕੇ ਖੜ੍ਹਾ ਹੋ ਗਿਆ।
ਉਹ ਸੋਚ ਰਿਹਾ ਸੀ
ਇਹਨਾਂ ਤੇਜ਼ ਹਵਾਵਾਂ ਨੇ
ਕਦੇ ਆਪਣੇਪਨ ਦੀ
ਹਾਮੀ ਭਰੀ ਸੀ।

ਅੱਜ ਅਚਾਨਕ ਹੀ
ਇਹ ਉਸ ਨਾਲ
ਕੇਹਾ ਪਰਾਇਆਪਨ ਜਿਹਾ
ਵਿਖਾ ਰਹੀਆਂ ਨੇ
ਬੱਸ ਇਹੀ ਸੋਚਦਿਆਂ
ਉਸ ਦਾ ਦਿਲ ਵੀ ਟੁੱਟ ਗਿਆ।

✵✵

## ਸੰਘਰਸ਼ ਜਾਰੀ ਹੈ....

ਸਾਰੀ ਦੁਨੀਆਂ-ਦੁਨੀਆਂ ਵਿੱਚ ਰਹਿ ਕੇ
ਸੰਘਰਸ਼ ਇੱਕ ਕਰ ਰਹੀ ਹੈ
ਸਮਾਜ ਦੀਆਂ ਬੁਰਾਈਆਂ ਦੇ ਖ਼ਾਤਮੇ ਲਈ
ਅਜੇ ਤੱਕ ਸੰਘਰਸ਼ ਜਾਰੀ ਹੈ।

ਕਿਰਤੀ, ਕਾਮੇ, ਮਜ਼ਦੂਰਾਂ ਨੇ ਵੀ
ਚੁੱਕ ਲਏ ਕਦਮ ਅਗਾਂਹ ਵੱਲ
ਜ਼ਾਲਮ ਹਾਕਮਾਂ ਨੂੰ ਮਿਟਾਉਣ ਲਈ
ਅਜੇ ਤੱਕ ਸੰਘਰਸ਼ ਜਾਰੀ ਹੈ।

ਰੁਜ਼ਗਾਰ ਤੋਂ ਵਿਹੂਣੇ ਲੱਖਾਂ ਲੋਕ
ਕਰ ਚੁੱਕੇ ਨੇ ਨਿਸ਼ਚਾ ਪੱਕਾ
ਮਰ ਜਾਵਾਂਗੇ ਜਾਂ ਮਾਰ ਦੇਵਾਂਗੇ, ਪਰ
ਅਜੇ ਤੱਕ ਸੰਘਰਸ਼ ਜਾਰੀ ਹੈ।

ਜਾਤ-ਪਾਤ ਤੋਂ ਉੱਪਰ ਉੱਠ ਕੇ
ਹਰ ਮਜ਼ਹਬ ਨੂੰ ਆਪਣਾ ਮੰਨ ਕੇ
ਸਮਾਨਤਾ ਦਾ ਬੂਟਾ ਲਾਉਣ ਲਈ
ਅਜੇ ਤੱਕ ਸੰਘਰਸ਼ ਜਾਰੀ ਹੈ।

ਕੁੱਖ ਵਿੱਚ ਨਾ ਮਰ ਜਾਵੇ ਧੀ
ਸਭ ਦਾ ਨਾਂ ਰੁਸ਼ਨਾਵੇ ਧੀ
ਧੀ ਦਾ ਰੁਤਬਾ ਨਾ ਭੁੱਲੇ ਸਮਾਜ
ਅਜੇ ਤੱਕ ਸੰਘਰਸ਼ ਜਾਰੀ ਹੈ।

ਨਾ ਹੋਵਣ ਲੁੱਟਾਂ-ਖੋਹਾਂ ਕਦੇ ਵੀ
ਕਿਸੇ ਨੂੰ ਵੀ ਤੜਫਾਉਣ ਲਈ
ਕਦੇ ਨਾ ਹੋਵੇ ਮਜ਼ਬੂਰ ਕੋਈ, ਪਰ
ਅਜੇ ਤੱਕ ਸੰਘਰਸ਼ ਜਾਰੀ ਹੈ।

ਨਸ਼ਿਆਂ ਦੇ ਦੈਂਤ ਨੂੰ ਮਾਰਨ ਲਈ
ਤੰਦਰੁਸਤੀ ਨੂੰ ਵਧਾਉਣ ਲਈ
ਯਤਨ ਹੋਣ ਅਨੇਕਾਂ ਵਿੱਚ ਦੁਨੀਆਂ ਦੇ
ਅਜੇ ਤੱਕ ਸੰਘਰਸ਼ ਜਾਰੀ ਹੈ।

ਹਵਾ, ਪਾਣੀ, ਮਿੱਟੀ ਇਹ ਸਭ
ਰੁੱਖਾਂ ਵਾਂਗ ਲੋੜ ਨੇ ਸਾਡੀ
ਪ੍ਰਦੂਸ਼ਣ ਨੂੰ ਘਟਾਉਣ ਲਈ ਹਰ ਥਾਂ
ਅਜੇ ਤੱਕ ਸੰਘਰਸ਼ ਜਾਰੀ ਹੈ।

ਰਲ-ਮਿਲ ਸਭ ਆਉ ਭਾਈ
ਆਤੰਕ ਦੀ ਹੋ ਜਾਏ ਮਨਾਹੀ
ਮਾਰਿਆ ਨਾ ਜਾਏ ਕੋਈ ਬੇਗੁਨਾਹ
ਅਜੇ ਤੱਕ ਸੰਘਰਸ਼ ਜਾਰੀ ਹੈ।

ਦਿਲ ਮਿਲਿਆਂ ਦੇ ਮੇਲੇ ਹੋਵਣ
ਹਰ ਦਿਲ ਭਰੇ ਉਡਾਨ ਸੁਪਨੇ ਦੀ
ਹਰ ਪਾਸੇ ਖ਼ੁਸ਼ਗਵਾਰ ਹਵਾ ਹੋਵੇ
ਅਜੇ ਤੱਕ ਸੰਘਰਸ਼ ਜਾਰੀ ਹੈ।

**

# ਕਿਉਂ ਪੰਜਾਬੀ ਨੂੰ ਕੋਈ ਮਾਂ ਨਾ ਕਹੇ ?

ਕਿਉਂ ਪੰਜਾਬੀ ਨੂੰ ਕੋਈ ਮਾਂ ਨਾ ਕਹੇ ?
ਕਿਉਂ ਭੁੱਲ ਰਹੇ ਹਾਂ ਅਸੀਂ ਵਿਰਸਾ ਆਪਣਾ
ਕਿਉਂ ਪੰਜਾਬੀ ਨੂੰ ਕੋਈ ਮਾਂ ਨਾ ਕਹੇ ?

ਪੰਜਾਬੀ ਮਾਂ-ਬੋਲੀ ਦੀ ਸੇਵਾ ਕੀਤੀ ਗੁਰੂਆਂ-ਪੀਰਾਂ ਨੇ
ਪਰ ਅੱਜ ਉਹ ਪੰਜਾਬੀ ਦੇ ਦਿਨ ਨਾ ਰਹੇ।

ਕੁੱਝ ਤਾਂ ਖਾ ਲਿਆ ਨਸ਼ਿਆਂ ਨੇ ਪੰਜਾਬ ਨੂੰ
ਕੁੱਝ ਪੱਛਮੀ ਰਸਮਾਂ ਦੀ ਭੇਂਟ ਜਾ ਚੜ੍ਹੇ।

ਰਸਮਾਂ ਪੰਜਾਬੀ ਵਿਰਸੇ ਦੀਆਂ ਲੋਪ ਹੋਈਆਂ
ਪੱਛਮੀ ਧੁਨ ਉੱਤੇ ਨੱਚਦਾ ਉਹ ਸ਼ਰਮ ਨਾ ਕਰੇ।

ਇਹ ਠੀਕ ਹੈ ਕਿ ਅਸੀਂ ਆਧੁਨਿਕ ਹੋ ਰਹੇ ਹਾਂ
ਵਿੱਚ ਪਿੰਡਾਂ ਦੇ ਵੀ ਉਹ ਰੀਤੀ-ਰਿਵਾਜ਼ ਨਾ ਰਹੇ।

ਜਿਸ ਪੰਜਾਬੀ ਨੇ ਸਾਨੂੰ ਜਨਮ ਦਿੱਤਾ
ਕਿਉਂ ਉਸ ਦਾ ਦਿਲ ਵਿਚ ਮਾਣ ਨਾ ਵਸੇ ?

ਬਹੁਤ ਸਿੱਖ ਲਿਆ ਤੂੰ ਆਧੁਨਿਕ ਜ਼ਮਾਨੇ ਤੋਂ
ਸਾਹਿਬਜ਼ਾਦਿਆਂ ਦੀ ਕੁਰਬਾਨੀ ਨੂੰ ਕਿਉਂ ਯਾਦ ਨਾ ਕਰੇਂ ?

ਕੀ ਸੋਚਿਆ ਤੂੰ ਉਹਨਾਂ ਕੁਰਬਾਨੀਆਂ ਬਾਰੇ
ਲੱਖਾਂ ਪੰਜਾਬੀ ਯੋਧੇ ਸੰਘਰਸ਼ ਆਜ਼ਾਦੀ ਦਾ ਘੁਲੇ।

ਸੰਘਰਸ਼ ਲੜ ਗਏ ਗੁਰੂ ਗੋਬਿੰਦ ਸਿੰਘ ਜੀ ਵੀ
ਹਿੰਦ-ਸਿੱਖ ਕੌਮ ਲਈ ਕੁਰਬਾਨੀ ਦੇ ਤਖ਼ਤ ਤੇ ਚੜ੍ਹੇ।

ਜਿਹੜੇ ਸਿੱਖੀ ਲਈ ਖੋਪੜੀਆਂ ਲੁਹਾ ਸ਼ਹੀਦ ਹੋਏ
'ਸੀ' ਨਾ ਆਖੀ ਤੇ ਬੰਦ-ਬੰਦ ਕਟ ਗਏ।

ਅਜੇ ਕੁਰਬਾਨੀਆਂ ਦਾ ਹਿਸਾਬ ਤੈਨੂੰ ਆਇਆ ਨਹੀਂ।
ਕਰੋੜਾਂ ਰੁਪਏ ਦੇ ਪਿੱਛੇ ਤੂੰ ਰੁਲਦਾ ਫਿਰੇਂ।

ਕਰ ਹੋਸ਼ ਤੇ ਸੰਭਲਣ ਦਾ ਸਮਾਂ ਹੈ ਅਜੇ
ਕਰ ਯਤਨ ਕਿ ਤੂੰ ਪੱਛਮੀ ਹਵਾ 'ਚ ਨਾ ਘਿਰੇਂ।

ਵਿਰਸਾ ਪੰਜਾਬੀ ਦਾ ਤੇਰੀ ਪਹਿਚਾਣ ਹੈ
ਪੰਜਾਬੀ ਹੋਣ ਦਾ ਮਾਣ ਹਰ ਪੰਜਾਬੀ ਦਿਲ 'ਚੋਂ ਮਿਲੇ।

ਸੁਪਨਾ ਗੁਰੂਆਂ ਦਾ ਤੇ ਸ਼ਹੀਦਾਂ ਦੇ ਅਰਮਾਨ
ਤੇਰੇ ਪੰਜਾਬ ਦੀ ਪੰਜਾਬੀਅਤ 'ਚੋਂ ਦਿਸੇ।

ਕਿਉਂ ਭੁੱਲ ਰਹੇ ਹਾਂ ਅਸੀਂ ਵਿਰਸਾ ਆਪਣਾ
ਕਿਉਂ ਪੰਜਾਬੀ ਨੂੰ ਕੋਈ ਮਾਂ ਨਾ ਕਹੇ ?

ਕਿਉਂ ਪੰਜਾਬੀ ਨੂੰ ਕੋਈ ਮਾਂ ਨਾ ਕਹੇ ?

✵✵

## ਟੁੱਟਣ ਦੀ ਕਗਾਰ ਤੇ ਖੜ੍ਹਾ ਸੁਪਨਾ

ਫੁੱਲਾਂ ਦੀ ਮਹਿਕ ਵਰਗਾ ਉਹ ਸੁਪਨਾ
ਪੰਛੀਆਂ ਦੀ ਚਹਿਕ ਵਰਗਾ ਉਹ ਸੁਪਨਾ
ਵਕਤ ਦੀਆਂ ਦਹਿਲੀਜ਼ਾਂ ਨੂੰ ਪਾਰ ਕਰਦਾ
ਟੁੱਟਣ ਦੀ ਕਗਾਰ ਤੇ ਖੜ੍ਹਾ ਸੁਪਨਾ।

ਬਹੁਤ ਸ਼ੋਰ ਸੀ ਸੁਪਨੇ ਨੇ ਮਚਾਇਆ
ਬਹੁਤ ਜ਼ੋਰ ਸੀ ਦਿਲ ਨੇ ਲਗਾਇਆ
ਕਿ ਸੁਪਨਾ ਸਾਕਾਰ ਹੋ ਜਾਵੇ, ਪਰ
ਟੁੱਟਣ ਦੀ ਕਗਾਰ ਤੇ ਖੜ੍ਹਾ ਸੁਪਨਾ।

ਇਸ ਸੁਪਨੇ ਨੇ ਅੱਗੋਂ ਸਜਾਏ ਸੁਪਨੇ
ਦਿਲ ਦੇ ਰੰਗਾਂ ਵਿੱਚ ਰੰਗਾਏ ਸੁਪਨੇ
ਸੁੱਕੇ ਰੁੱਖ ਦੀਆਂ ਸ਼ਾਖਾਵਾਂ ਵਾਂਗ ਕੁਮਲਾ ਕੇ
ਟੁੱਟਣ ਦੀ ਕਗਾਰ ਤੇ ਖੜ੍ਹਾ ਸੁਪਨਾ।

ਕਾਇਮ ਰਹੇ ਮੇਰੇ ਸੁਪਨੇ ਦੀ ਸਿਹਤ
ਮੈਂ ਕੋਸ਼ਿਸ਼ ਤਾਂ ਬਹੁਤ ਕੀਤੀ ਮਗਰ
ਤੰਦਰੁਸਤ ਨਾ ਹੋ ਸਕਿਆ ਸੁਪਨਾ ਤੇ
ਟੁੱਟਣ ਦੀ ਕਗਾਰ ਤੇ ਖੜ੍ਹਾ ਸੁਪਨਾ।

ਮੇਰੇ ਅੰਦਰਲੇ ਜਜ਼ਬੇ ’ਤੇ ਝਾਤ ਪਾ ਕੇ
ਕਹਿਣੀ ਤੇ ਕਰਨੀ ਨੂੰ ਮਿੱਟੀ ’ਚ ਮਿਲਾ ਕੇ
ਆਖ਼ਰ ਇਹ ਵੀ ਮਿੱਟੀ ਹੋ ਕੇ
ਟੁੱਟਣ ਦੀ ਕਗਾਰ ਤੇ ਖੜ੍ਹਾ ਸੁਪਨਾ।

ਮੇਰੇ ਸਾਹਾਂ ’ਚ ਵਸ-ਰਸ ਚੁੱਕਿਆ
ਮੇਰੀਆਂ ਰਗਾਂ ’ਚ ਘੁਲ-ਮਿਲ ਚੁੱਕਿਆ
ਆਸ ਮੇਰੀ ਨੂੰ ਤੋੜ ਕੇ ਮੁੱਕਿਆ
ਟੁੱਟਣ ਦੀ ਕਗਾਰ ਤੇ ਖੜ੍ਹਾ ਸੁਪਨਾ।

ਸੁਪਨਾ ਪੂਰਾ ਕਰਨ ਦੀ ਮੇਰੀ ਤਮੰਨਾ
ਤਮੰਨਾ ਬਣ ਕੇ ਹੀ ਰਹਿ ਗਈ ਬਸ
ਦਿਲ ਭਰੇ ਨਾ ਹਾਮੀ ਇਸਦੇ ਟੁੱਟਣ ਦੀ
ਟੁੱਟਣ ਦੀ ਕਗਾਰ ਤੇ ਖੜ੍ਹਾ ਸੁਪਨਾ।

## ਆਧੁਨਿਕ ਮਨੁੱਖ

ਕੱਲ੍ਹ ਜੋ ਬੀਤ ਗਿਆ
ਆਧੁਨਿਕ ਮਨੁੱਖ ਦਾ
ਅੱਜ ਚੇਤੇ ਵਿੱਚ ਰਹਿਣਾ ਮੁਸ਼ਕਿਲ ਹੈ।
ਅੱਜ ਜੋ ਚੱਲ ਰਿਹਾ
ਸਮਾਂ ਏ ਉਸਦਾ
ਕਾਬੂ ਵਿੱਚ ਰਹਿਣਾ ਮੁਸ਼ਕਿਲ ਹੈ।
ਕੱਲ੍ਹ ਜੋ ਆਉਣ ਵਾਲਾ
ਸਮਾਂ ਏ ਉਸਦਾ
ਕਲਪਨਾ ਵਿੱਚ ਰਹਿਣਾ ਮੁਸ਼ਕਿਲ ਹੈ।
ਸੱਭਿਆਚਾਰ ਛੱਡ ਆਪਣੇ ਨੂੰ
ਉਹ ਤੁਰਿਆ ਜਾਂਦਾ
ਪੱਛਮ ਵੱਲ, ਅਖੇ
ਮੈਂ ਆਧੁਨਿਕ ਹੋ ਗਿਆ ਹਾਂ।
ਤੱਕ ਕੇ ਆਪਣੇ ਆਪ ਨੂੰ
ਆਉਣ ਵਾਲੇ ਕੱਲ੍ਹ ਦੇ ਸ਼ੀਸ਼ੇ ਵਿੱਚ
ਕਹਿੰਦਾ ਉਸਦਾ ਅਕਸ
ਮੈਂ ਇਕੱਲਾ ਹੋ ਗਿਆ ਹਾਂ।
ਆਧੁਨਿਕਤਾ ਦੀ ਇਸ ਦੌੜ ’ਚ
ਉਹ ਭੁੱਲਿਆ ਵਿਰਸਾ ਆਪਣਾ
ਕੱਲ੍ਹ ਦਾ ਕੰਗਾਲ ਬਣਨ ਲਈ
ਸਭ ਕੁੱਝ ਭੁੱਲਿਆ
ਅੱਜ ਦਾ ਨਵਾਂ ਨਵਾਬ
ਬਣਨ ਦੀ ਦੌੜ ਵਿੱਚ।

✵✵

## ਪੰਜਾਬੀਅਤ

ਦਿਲ 'ਚ ਖੁਸ਼ੀ ਤਾਂ ਹੈ
ਪੰਜਾਬੀ ਹੋਣ ਦੀ
ਇਹ ਖੁਸ਼ੀ
ਮੇਰੀ ਆਤਮਾ ਦੀ ਆਵਾਜ਼
ਇਹ ਖੁਸ਼ੀ
ਮੇਰੇ ਖ਼ੂਨ 'ਚ ਸਮਾਈ
ਇਹ ਮੇਰੇ
ਸ਼ਬਦਾਂ ਦੀ ਮਹਿਫ਼ਿਲ
ਮੇਰੀ ਭਾਵਨਾ ਦਾ ਪ੍ਰਗਟਾ ਹੈ।

ਪੰਜਾਬੀਅਤ ਦੀ ਪਹਿਚਾਣ ਕੇਵਲ
ਕਾਫ਼ੀ ਨਹੀਂ, ਓ ਪੰਜਾਬੀਆ!
ਇਹ ਤਾਂ
ਤੇਰੇ ਅਕਸ ਦਾ ਅੰਗ
ਇਹ ਤਾਂ
ਤੇਰੇ ਦਿਲ ਦੀ ਆਵਾਜ਼
ਇਹ ਤੇਰੇ
ਖ਼ੂਨ 'ਚ ਪ੍ਰੋਏ ਸ਼ਬਦ ਹੀ
ਤੇਰੇ ਜਜ਼ਬਾਤਾਂ ਦਾ ਪ੍ਰਗਟਾ ਹੈ।

ਕੁੱਝ ਤਾਂ ਸੋਚੀਏ, ਆਓ ਆਪਾਂ ਸਾਰੇ
ਬੈਠ ਕੇ ਕਰੀਏ
ਕੋਈ ਨਿਸ਼ਚਾ ਪੱਕਾ
ਪੰਜਾਬੀ ਤੇਰੀ
ਮਾਂ ਤਾਂ ਰਹੇਗੀ
ਜੇ ਫ਼ਰਜ਼ਾਂ ਦੀ ਪੂਰਤੀ
ਸਦਾ ਹੁੰਦੀ ਰਹੇਗੀ
ਨਹੀਂ ਤਾਂ ਤੈਨੂੰ ਰੁਲਣ ਤੋਂ
ਕੋਈ ਨਹੀਂ ਰੋਕ ਸਕਦਾ ਹੈ।

## ਮੁਸਕ੍ਰਾਹਟ

ਤੜਫ਼ ਨੂੰ ਪਾਉਣ ਦੀ
ਇਹ ਮੇਰੀ ਚਾਹਤ
ਜ਼ਿੰਦਗੀ ਦਾ
ਬੇਪਰਵਾਹ ਚਸ਼ਮਾ
ਬਣ ਫੁੱਟਦੀ ਰਹੇਗੀ
ਤੇ ਮੈਨੂੰ
ਨਿਖਾਰਦੀ ਰਹੇਗੀ।
ਕਿਆਸ ਨਹੀਂ
ਸੀ ਮੈਨੂੰ ਕਿ
ਕਲਪਨਾ ਦਾ ਪੰਛੀ
ਮੈਥੋਂ ਇਸ ਤਰ੍ਹਾਂ
ਅੱਖ ਬਚਾ ਕੇ
ਉੱਡਦਾ ਰਹੇਗਾ।
ਤੜਫ਼ ਦੇ ਫੁੱਟਦੇ
ਚਸ਼ਮੇ ਦਾ ਪਾਣੀ
ਇਹ ਕਦੋਂ ਲੈ ਕੇ
ਮੇਰੇ ਸਾਹਮਣੇ
ਆ ਖਲੋਤਾ
ਤੇ ਮੈਂ ਤਾਂ ਸਿਰਫ਼
ਤੜਫ਼ ਦੇ ਚਸ਼ਮੇ
ਦੀਆਂ ਬੂੰਦਾਂ ਨਾਲ
ਤਪਦੇ ਦਿਲ ਨੂੰ
ਸ਼ਾਂਤ ਕਰਕੇ ਗੁੱਝੀ
ਤੇ ਖ਼ੁਸ਼ੀ ਮਹਿਕਾਉਂਦੀ
ਇੱਕ ਮੁਸਕ੍ਰਾਹਟ ਹੀ
ਬਿਖ਼ੇਰ ਸਕਿਆ।

✵✵

## ਤਮੰਨਾ

ਮੇਰੀ ਤਮੰਨਾ
ਮੇਰੇ ਦਿਲ ਦੀ ਤਮੰਨਾ
ਰੰਗ-ਬਿਰੰਗੇ ਰੰਗਾਂ ਵਾਲੀ
ਜ਼ਿੰਦਗੀ ਨੂੰ ਜਿਊਣ ਦੀ ਤਮੰਨਾ।

ਜੀਣਾ ਹੀ ਤਾਂ ਜ਼ਿੰਦਗੀ ਹੈ
ਜ਼ਿੰਦਗੀ ਹੈ ਅੱਗੇ ਵਧਣਾ
ਵਧਣਾ ਕਿ ਰਸਤੇ ਤਹਿ ਕਰਨਾ
ਦਿਲ 'ਚ ਹੈ ਮੰਜ਼ਿਲ ਪਾਉਣ ਦੀ ਤਮੰਨਾ।

ਕਦੀ ਖੁਸ਼ਗਵਾਰ ਜ਼ਿੰਦਗੀ
ਕਦੀ ਗ਼ਮਗ਼ੀਨ ਜ਼ਿੰਦਗੀ
ਬਹੁਰੂਪੀ ਜ਼ਿੰਦਗੀ ਦੇ
ਬਹੁ-ਭਾਂਤੀ ਗੁਣ-ਗਾਉਣ ਦੀ ਤਮੰਨਾ।

ਇਰਾਦੇ ਪੱਕੇ ਬਣਾਕੇ
ਹਰ ਰਸਤੇ ਠੋਕਰਾਂ ਖਾ ਕੇ
ਉੱਚੀ ਦਿਸਦੀ ਮੰਜ਼ਿਲ ਨੂੰ
ਕਦਮਾਂ 'ਚ ਲਿਆਉਣ ਦੀ ਤਮੰਨਾ।

ਦਰਦਾਂ ਦੀ ਭੱਠੀ ਵਿੱਚ
ਦਿਲ ਪਿਆ ਭਖ਼ਦਾ ਹੈ
ਹੌਂਸਲੇ ਨਾਲ ਜ਼ਰ ਕੇ
ਮੁਸਕ੍ਰਾਉਣ ਦੀ ਤਮੰਨਾ।

ਗਲਤੀ ਦਾ ਪੁਤਲਾ ਇਨਸਾਨ
ਕਈ ਗ਼ਲਤ ਕੰਮ ਕਰਦਾ ਹੈ
ਸਹੀ ਦ੍ਰਿਸ਼ਟੀ ਤੋਂ ਹਰ ਦਿਲ 'ਚ
ਇਨਸਾਨੀਅਤ ਜਗਾਉਣ ਦੀ ਤਮੰਨਾ।

ਕੁੱਝ ਪਾਉਣ ਲਈ ਪੈਂਦਾ ਹੈ
ਕਈ ਵਾਰ ਬਹੁਤਾ ਖ਼ੋਹਣਾ
ਖੋਹੇ ਹੋਏ ਸੁਪਨੇ ਨੂੰ
ਫਿਰ ਲੇਖੇ ਲਾਉਣ ਦੀ ਤਮੰਨਾ।

## ਤੜਫ਼

ਮੇਰੀ ਜ਼ਿੰਦਗੀ ਦਾ ਹਿੱਸਾ
ਮੇਰੇ ਦਿਲ ਦਾ ਹਿੱਸਾ
ਮੇਰੀ ਤੜਫ਼
ਚੁੱਪ-ਚਾਪ ਪਈ ਰਹਿੰਦੀ ਏ
ਮੇਰੇ ਅੰਦਰ, ਮੇਰੇ ਦਿਲ ਅੰਦਰ।

ਨਾ ਹੀ ਮੇਰੇ ਕੋਲ ਰਸਤਾ ਏ
ਇਸ ਨੂੰ ਬਾਹਰ ਕੱਢਣ ਦਾ
ਨਾ ਇਸ ਨੂੰ ਏ ਜਾਣਕਾਰੀ
ਕਿ ਕਿਸ ਤਰ੍ਹਾਂ ਬਾਹਰ ਆਵੇਗੀ
ਨਾ ਤੜਫ਼ ਦੀ ਆਜ਼ਾਦੀ ਦਾ ਕੋਈ ਯੰਤਰ।

ਮੇਰੀ ਹਮਸਫ਼ਰ ਬਣ ਕੇ
ਜੀ ਰਹੀ ਹੈ ਮੇਰੇ ਨਾਲ
ਮੇਰੀ ਤੜਫ਼
ਖ਼ੁਸ਼ੀ ਤੇ ਗ਼ਮੀ ਦਾ ਨਾਪਦੀ ਰਹਿੰਦੀ
ਅੰਦਰ ਮੇਰੇ ਬੈਠੀ ਅੰਤਰ।

ਬਹੁਤ ਜ਼ਰੂਰੀ ਵੀ ਹੈ
ਇਹ ਮੇਰੇ ਲਈ
ਮੇਰੀ ਤੜਫ਼
ਇਹ ਸਿਰਜਣ ਸ਼ਕਤੀ ਹੈ
ਘੜਦੀ ਹੈ ਸ਼ਬਦਾਂ ਨੂੰ ਹੋਰ ਸੁੰਦਰ।

ਮੇਰੇ ਲਈ ਇਸ ਨੇ
ਬਹੁਤ ਕੁੱਝ ਕੀਤਾ ਏ
ਪਰ ਮੈਂ ਅਣਜਾਣ ਬਣਿਆ
ਇਸ ਨੂੰ ਕੋਸਦਾ ਰਿਹਾ
ਇਹ ਹੈ ਮੇਰੀ ਆਵਾਜ਼ ਸੁਤੰਤਰ।

ਹਰ ਪਲ ਹਰ ਸਮੇਂ ਇਹ
ਮੇਰੇ ਅੰਦਰ ਰੜਕਦੀ ਹੈ
ਜਵਾਲਾ ਨੂੰ ਭੜਕਾਉਂਦੀ ਹੈ
ਦਿਲ ਸੇਕਦੀ ਏ ਮੇਰਾ
ਤੇ ਮੇਰੀ ਹੀ ਕਰਦੀ ਪੂਜਾ-ਤੰਤਰ।

ਮੈਨੂੰ ਬਦਲ ਦਿੰਦੀ ਏ
ਹਰ ਵਾਰ
ਨਵੇਂ ਰੂਪ ਵਿੱਚ
ਅਸਰ ਕਰ ਹੀ ਜਾਂਦਾ ਏ
ਦਿਲੋਂ ਕੀਤਾ ਤੜਫ਼ ਦਾ ਮੰਤਰ।

ਮੈਨੂੰ ਸਮਝ ਨਹੀਂ ਆਉਂਦੀ
ਇਹ ਮੇਰੀ ਹੀ ਹੈ ਤੜਫ਼
ਜਾਂ ਕਿਸੇ ਹੋਰ ਦੀ ਵੀ
ਇਸਦੇ ਸਰੀਰ ਦੀ ਖ਼ੁਸ਼ਬੂ
ਆਉਂਦੀ ਹੈ ਕਈ ਭਾਂਤਰ।

ਮੇਰੇ ਲਈ ਕੋਸ਼ਿਸ਼ ਕੀਤੀ
ਮੇਰੀ ਤੜਫ਼ ਨੇ ਬਹੁਤ
ਮੇਰੇ ਤੀਕ ਪਹੁੰਚਣ ਲਈ
ਜਿਊਂਦੇ ਜੀ ਜੂਝਣਾ ਪੈਂਦਾ
ਮੇਰੀ ਤੜਫ਼ ਨੂੰ ਮੇਰੇ ਵਾਂਗਰ।

ਮੇਰੀ ਤੜਫ਼ ਦੀ ਦਵਾਈ ਵੀ
ਮੇਰੀ ਹੀ ਤੜਫ਼ ਹੈ ਇਹ
ਮਿਲਦੀ ਰਹੇ ਹਰ ਵਾਰ
ਕਿਸੇ ਨਾ ਕਿਸੇ ਰੂਪ ਵਿੱਚ
ਠਾਠਾਂ ਮਾਰੇ ਤੜਫ਼ ਦਾ ਸਾਗਰ।

ਤੜਫ਼ ਦਾ ਸਾਗਰ ਮੇਰਾ ਹੈ
ਮੇਰੇ ਦਿਲ ਦੇ ਅੰਦਰ ਹੈ
ਹੇ ਤੜਫ਼! ਜਾ ਕੇ ਮੁੜੀਂ,
ਛੇਤੀ ਆਵੀਂ, ਉੱਡ ਕੇ ਆਵੀਂ,
ਦੁਬਾਰਾ ਫਿਰ ਤੂੰ ਮੇਰੀ ਖ਼ਾਤਰ।

ਬਣੀ ਰਹੀ ਮੇਰੀ ਤੂੰ
ਮੇਰੇ ਲਈ ਮੇਰੀ ਜ਼ਿੰਦਗੀ
ਹੇ ਮੇਰੀ ਤੜਫ਼!
ਚੁੱਪ-ਚਾਪ ਤੂੰ ਪਈ ਰਹੀਂ
ਮੇਰੇ ਅੰਦਰ, ਮੇਰੇ ਦਿਲ ਅੰਦਰ।

✵✵

# ਇਕੱਲਤਾ

ਇਕੱਲਤਾ ਦੇ ਹਨੇਰੇ ਵਿਚ
ਮੈਂ, ਹਾਂ ਸਿਰਫ਼ ਮੈਂ
ਬੇ ਖ਼ੌਫ਼ ਜਿਹਾ ਖੜ੍ਹਾ ਹਾਂ।
ਦੁਨੀਆਂ ਦੀ ਸਮਝਦਾਰੀ ਤੋਂ
ਮੈਂ ਪਾਗਲ ਜਿਹਾ ਹੀ
'ਨਾ-ਸਮਝ' ਹੀ ਬੜਾ ਹਾਂ।
ਖ਼ੁਆਬਾਂ ਦੀ ਡੋਰ ਤੋੜ ਕੇ
ਕਹਿੰਦੇ ਨੇ ਹਾਂ ਉਹੀ ਲੋਕ
ਮਿੱਟੀ ਦਾ ਮੈਂ ਪੱਕਾ ਘੜਾ ਹਾਂ।
ਕੱਲ੍ਹ ਦੇ ਸੁਪਨਿਆਂ ਵਿੱਚ
ਅੱਜ ਦੀ ਹਕੀਕਤ ਵਿੱਚ ਮੈਂ
ਵੰਡਿਆ ਹੋਇਆ ਇੱਕ ਧੜਾ ਹਾਂ।
ਬਚਪਨ ਦੀ ਹਰਿਆਲੀ ਲੱਭਦਾ
ਸੋਕੇ ਵਿੱਚ ਬਦਲ ਗਿਆ ਮੈਂ
ਫਿਲਹਾਲ ਮੈਦਾਨੋਂ ਰੜਾ ਹਾਂ।
ਚਲੋ, ਫਿਰ ਵੀ ਚੰਗਾ ਹੋਇਆ
'ਦਰਦਾਂ ਦਾ ਕਟੋਰਾ' ਪੀ ਕੇ
ਅੱਜ ਸ਼ਬਦਾਂ ਦੇ ਚੂਰਨ ਦਾ ਪੁੜਾ ਹਾਂ।
ਹਾਂ ਮੈਂ ਵੀ ਕੁਦਰਤ ਦਾ ਜੀਵ
ਸੰਤਾਨ ਕੁਦਰਤ ਦੀ
ਕਾਦਰ ਦੀ ਰੰਗੀਨੀ 'ਚ ਖੜ੍ਹਾ ਹਾਂ।
ਇਕੱਲਾ ਹੀ ਸਹੀ ਮੈਂ
ਸ਼ੁਕਰ ਹੈ ਫਿਰ ਵੀ ਹਾਂ ਰੌਸ਼ਨ
ਜਗਦੇ ਦੀਵੇ ਰੱਖਣ ਲਈ ਥੜਾ ਹਾਂ।
ਕਈ ਨਿੱਕੇ ਵੱਡੇ ਚਾਅ ਮੇਰੇ
ਹੋ ਗਏ ਨੇ ਲਾਪਤਾ ਕਿਤੇ
ਨਾ ਮਾਰ ਝਾਤੀ, ਖਾਲੀ ਘੜਾ ਹਾਂ।

✵✵

## ਸਮਰਪਿਤ ਮਮਤਾ

ਕੌਣ ਕਹਿੰਦਾ ਹੈ ਇਹ
ਕਿ ਮੇਰੇ ਬਚਪਨ ਦੇ ਸੰਗੀ
ਮੇਰੇ ਹੁਣ ਤੱਕ
ਹੰਢਾਏ ਪਲਾਂ ਦੇ
ਉਹ ਸਾਂਝਦਾਰ ਤੇ
ਰਹਿੰਦੀ ਜ਼ਿੰਦਗੀ ਤੱਕ
ਮੇਰਾ ਹੱਕ ਜਿਉਣ ਵਾਲੇ
ਮੇਰੇ ਭੈਣ-ਭਰਾ
ਮਰ ਚੁੱਕੇ ਹਨ।
ਪਰ ਮੈਂ ਚੰਗੀ ਤਰ੍ਹਾਂ
ਜਾਣਦਾ ਹਾਂ ਤੇ ਖੁਸ਼ ਹਾਂ
ਮੇਰੇ ਭੈਣ-ਭਰਾ
ਜਿਉਂਦੇ ਹਨ ਤੇ
ਹੁਣ ਤੱਕ, ਸ਼ਾਇਦ
ਅੱਗੋਂ ਵੀ ਸੱਚਮੁੱਚ
ਆਪਣੇ ਆਪ ਨੂੰ
ਸਮਰਪਿਤ ਮਮਤਾ ਦੇ
ਘਰ ਅੰਦਰ ਸਦਾ
ਜਿਉਂਦੇ ਪਾਉਣਗੇ।
ਮੈਂ ਜੋ ਦੁਨਿਆਵੀ
ਵਰਤਮਾਨ ਹਾਂ,
ਆਪਣੇ ਆਪ ਲਈ
ਮਮਤਾ ਟੋਲਦਾ ਰਹਿੰਦਾ
ਇੱਕ ਹੰਝੂਆਂ ਦਾ
ਦੀਵਾ ਬਣ ਚੁੱਕਾ ਹਾਂ।
ਪਰ ਮੈਨੂੰ ਯਕੀਨ ਹੈ
ਕੁਦਰਤ ਮੇਰੇ ਉੱਪਰ
ਮਮਤਾ ਜ਼ਰੂਰ ਲੁਟਾਵੇਗੀ

ਕਿਉਂਕਿ ਜਿਸ ਜ਼ਿੰਦਗੀ
ਵਿੱਚ ਤੜਫ਼ ਹੁੰਦੀ ਹੈ
ਕੁਦਰਤ  ਉਸ ਉੱਪਰ
ਮਿਹਰਬਾਨ ਹੁੰਦੀ ਹੈ।
ਮੇਰੇ ਪਿਤਾ-ਪਰਮੇਸ਼ਵਰ
ਮੈਨੂੰ ਤੜਫ਼ ਦੇ
ਰੰਗੇ ਅਣਗਿਣਤ
ਤੋਹਫ਼ੇ ਦਿੰਦੇ ਰਹੇ ਹਨ
ਹਰ ਇੱਕ ਤੋਹਫ਼ੇ 'ਚੋਂ
ਜ਼ਿੰਦਗੀ ਦੀ ਦੁਨਿਆਵੀ
ਮਮਤਾ ਦੀ ਮੌਤ ਦੀ ਖ਼ਬਰ
ਮੇਰਾ ਵੀ ਕਤਲ
ਕਰ ਦਿੰਦੀ ਹੈ ਤੇ
ਜਾਗ ਉੱਠਦੀ ਹੈ ਮੇਰੀ
ਰੂਹ ਜੁਗਨੂੰ ਬਣ ਕੇ
ਉਹ ਮੈਥੋਂ ਜੋ ਕੁੱਝ
ਲਿਖਵਾਉਂਦੀ ਹੈ
ਮੈਂ ਲਿਖਦਾ ਜਾਂਦਾ ਹਾਂ।
ਮੇਰੀ ਆਸ ਤਾਂ ਸਿਰਫ਼
ਉਹੀ ਕੁਦਰਤ ਦੀ ਭੇਜੀ
ਮੇਰੀ ਹਮਸਫ਼ਰ ਹੈ
ਜਿਸ ਦੇ ਹਵਾ ਮਹਿਲ
ਵਿੱਚ ਬੈਠ ਕੇ
ਮੈਂ ਆਪਣੇ ਹੰਝੂ
ਆਪਣੇ ਹੱਥੀਂ ਪੂੰਝਦਾ
ਰਹਿੰਦਾ ਹਾਂ, ਪਰ
ਫਿਰ ਵੀ ਝੱਲਿਆਂ ਵਾਂਗੂੰ
ਰੋ ਕੇ ਉਸਦੇ ਮੋਢੇ ਵੀ

ਗਿੱਲੇ ਕਰ ਦਿੰਦਾ ਹਾਂ।
ਇਸ ਭਰੀ ਦੁਨੀਆਂ
ਵਿੱਚ ਮੇਰੇ ਲਈ
ਮਮਤਾ ਇੱਕ ਰੋਹੀ ਬੀਆਬਾਨ
ਬਣ ਚੁੱਕੀ ਹੈ।
ਹੰਝੂਆਂ ਨਾਲ ਸਿੰਜੀ
ਮਮਤਾ ਦੀ ਫ਼ਸਲ ਹੀ
ਕੁਦਰਤ ਮਾਂ ਦਾ ਇੱਕ
ਰੂਪ ਬਣ ਕੇ
ਮੈਨੂੰ ਚਾਰੇ ਪਾਸੇ
ਹਰਿਆਵਲ ਵਿਖਾਉਂਦੀ ਹੈ।
ਇਹ ਮਮਤਾ ਦੀ ਹਰਿਆਵਲ
ਵੇਖ ਕੇ ਮੇਰੀ ਰੂਹ
ਜੁਗਨੂੰ ਤੋਂ ਸੂਰਜ ਵਿੱਚ
ਬਦਲ ਜਾਂਦੀ ਹੈ
ਮੈਂ ਡਰਦਾ ਹਾਂ, ਕਿਤੇ
ਮੇਰੀ ਇਸ ਅਗਨ
ਵਿੱਚ ਕਿਸੇ ਹੋਰ ਦਾ
ਜੀਵਨ ਨਾ ਸੜੇ
ਹੇ ਮਾਂ! ਮੈਂ ਤੈਨੂੰ
ਜ਼ਿੰਦਗੀ ਦੇ ਹਰ ਮੋੜ
ਤੇ ਆਪਣੇ ਪਰਛਾਵੇਂ
ਵਾਂਗ ਵੇਖਣਾ ਚਾਹੁੰਦਾ ਹਾਂ।
ਇਸ ਤਰ੍ਹਾਂ ਸਭ ਠੀਕ
ਹੋ ਜਾਵੇਗਾ ਤੇ ਮੈਂ
ਆਪਣੇ ਭੈਣ-ਭਰਾ
ਲਈ ਸਮਰਪਿਤ ਮਮਤਾ
ਤੋਂ ਇੱਛਾਮੁਕਤ ਹੋ ਕੇ

ਉਹਨਾਂ ਨੂੰ ਖ਼ੁਸ਼
ਰੱਖਣਾ ਚਾਹੁੰਦਾ ਹਾਂ।
ਹੇ! ਮੇਰੀ ਕੁਦਰਤ ਮਾਂ
ਮੇਰੇ ਭੈਣ-ਭਰਾ ਲਈ,
ਉਹਨਾਂ ਨੂੰ ਸਮਰਪਿਤ
ਮਮਤਾ ਦੇ ਲਈ,
ਆਖ਼ਰ ਮੇਰੇ ਲਈ ਵੀ
ਤੈਨੂੰ ਮੇਰੇ ਆਖ਼ਰੀ ਸਾਹ ਤੱਕ
ਮਮਤਾ ਦੀ ਦੌਲਤ
ਮੇਰੇ ਉੱਪਰ ਸਦਾ
ਲੁਟਾਉਣੀ ਪਵੇਗੀ
ਹਾਂ, ਜ਼ਰੂਰ ਹੀ
ਲੁਟਾਉਣੀ ਪਵੇਗੀ।

**

## ਮਮਤਾ ਦਾ ਖ਼ੁਮਾਰ

ਜ਼ਿੰਦਗੀ ਮਿਲੀ
ਰੱਬ ਹੈ ਦੇਣਦਾਰ ਜ਼ਿੰਦਗੀ ਦਾ
ਦੁੱਖ-ਦਰਦ, ਹਾਸੇ-ਠੱਠੇ,
ਬਣਦੇ ਨੇ ਜ਼ਿੰਦਗੀ ਦਾ ਸ਼ਿੰਗਾਰ।

ਅਨੇਕਾਂ ਜ਼ਿੰਦਗੀਆਂ ਵਿੱਚੋਂ
ਮੇਰੀ ਵੀ ਇੱਕ ਜ਼ਿੰਦਗੀ ਹੈ
ਜਾਪਣ ਲੱਗੀ ਹੈ ਮੈਨੂੰ
ਮੇਰੇ ਲਈ ਇੱਕ ਵੰਗਾਰ।

ਉੱਚੇ, ਨੀਵੇਂ ਰਸਤੇ ਨੇ
ਜ਼ਿੰਦਗੀ ਦੇ ਚੁਰੱਸਤੇ ਵੀ ਨੇ
ਹਰ ਰਸਤੇ ਵਿੱਚ ਮਿਲਦਾ ਹੈ
ਪੈਰਾਂ ਤਲੇ, ਚੱਲਣ ਲਈ ਅੰਗਾਰ।

ਇਕੱਲਿਆਂ ਹੀ ਤੁਰਦਿਆਂ ਜਾਣਾ
ਮਨ ਦੇ ਰੌਲੇ ਨੂੰ ਚੁੱਪ ਕਰਾਉਣਾ
ਕੁਦਰਤ ਮਾਂ ਨੇ ਸਿਰ ’ਤੇ ਕੀਤਾ
ਮਮਤਾ ਦਾ ਰੁੱਖ ਛਾਂਦਾਰ।

ਪਿੱਠ ਥਪਥਪਾ ਕੇ ਕਿਹਾ ਮੈਨੂੰ
ਤੁਰਦੇ ਜਾਵੋ, ਵੱਧਦੇ ਜਾਵੋ
ਜ਼ਿੰਦਗੀ ਚੱਲਦੇ ਰਹਿਣ ਦਾ ਨਾਮ ਹੈ
ਹਰ ਸੰਘਰਸ਼ ਨੂੰ ਕਰ ਨਮਸਕਾਰ।

ਹਰ ਦੁੱਖ, ਤਕਲੀਫ਼, ਕੰਡਾ
ਮੈਨੂੰ ਲੱਗਣ ਸਭ ਆਪਣੇ
ਦੋਸਤ ਤੇ ਹਨ ਖੁਸ਼ੀ ਦੇ ਚਿਰਾਗ
ਹਰ ਪੀੜ ਦੇ ਸੁਆਗਤ ਨੂੰ ਮੈਂ ਤਿਆਰ।

ਇੱਕ ਇਨਸਾਨ ਹੋਣ ਦੇ ਨਾਤੇ
ਮੈਂ ਝੱਲਿਆ ਬਹੁਤ ਹੈ ਜ਼ਿੰਦਗੀ 'ਚ
ਜੋ ਝੱਲ ਨਹੀਂ ਹੁੰਦਾ ਹੈ, ਉਹ
ਹੈ ਆਪਣਿਆਂ ਦਾ ਤ੍ਰਿਸਕਾਰ।

ਬਦਲਦੇ ਸਮੇਂ ਦੇ ਪਰਿਪੇਖ ਵਿੱਚ
ਕਈ ਲੋਕ ਵੀ ਬਦਲ
ਜਾਇਆ ਕਰਦੇ ਨੇ ਅਕਸਰ,
ਬਦਲੇਗਾ ਕਦੋਂ ਸਮਾਜਿਕ ਅੰਧਕਾਰ।

ਰਿਸ਼ਤਿਆਂ ਦੀ ਮਹਿਫ਼ਿਲ ਵੀ ਵੇਖੀ
ਮਹਿਫ਼ਿਲ ਦੀਆਂ ਆਵਾਜ਼ਾਂ ਦੀ ਰੂਹ
ਕੋਰੀ ਜਾਪਦੀ ਸੀ ਮੇਰੀ ਆਸ਼ਾ ਤੋਂ
ਕਰ ਗਈ ਮੈਨੂੰ ਹੁਸ਼ਿਆਰ।

ਮੈਂ ਕਈ ਵਾਰ ਚੁੱਪ ਰਹਿਕੇ
ਰਿਸ਼ਤਿਆਂ ਦੀ ਮਹਿਫ਼ਿਲ ਦੀਆਂ
ਨਿਰਗੁਣੀਆਂ ਗੱਲਾਂ ਸੁਣੀਆਂ
ਕਈ ਨੇ ਬੇ-ਸ਼ੁਮਾਰ।

ਖ਼ੂਨ ਸਫ਼ੇਦ ਹੋਇਆ ਅੱਜ-ਕੱਲ੍ਹ
ਭਰਾ, ਭਰਾ ਨੂੰ ਮਾਰਦਾ ਏ
ਅੱਜ ਦੇ ਨੌਜੁਆਨ ਨੂੰ ਚੜ੍ਹਿਆ
ਨਸ਼ਿਆਂ ਦਾ ਖ਼ੁਮਾਰ।

ਸਮਾਜ ਦੀ ਇਹ ਖਿੱਚੋਤਾਣ
ਕਦੋਂ ਤੱਕ ਚੱਲੇਗੀ ਆਖ਼ਰ
ਅੰਨਦਾਤਾ ਇਸ ਦੁਨੀਆ ਦਾ
ਹੋਇਆ ਫਿਰੇ ਕਰਜ਼ਦਾਰ।

ਮਜ਼ਦੂਰਾਂ ਦੀ ਕਿਰਤ-ਕਮਾਈ
ਖਾਂਦੇ ਰਹੇ ਨੇ ਅੱਜ ਤੱਕ
ਤੇ ਕਦੋਂ ਤੱਕ ਖਾਂਦੇ ਰਹਿਣਗੇ
ਇਹ ਨਿਰਦਈ ਸਰਮਾਏਦਾਰ।

ਇਸ ਦੁਨੀਆਂ ਦੇ ਹਰ ਕੋਨੇ ਵਿੱਚ
ਵੱਧ ਰਹੇ ਨੇ ਕਈ ਵਿਕਾਰ
ਨਾ ਬਹੁਤੇ ਇਨਸਾਨ ਰਹੇ
ਨਾ ਬਹੁਤਾ ਸਮਾਂ ਰਿਹਾ ਇਮਾਨਦਾਰ

ਅੱਜ ਲੋਕ ਪਾਪ ਨੂੰ ਕਹਿੰਦੇ
ਪੁੰਨ ਹੈ ਜੀਵਨ ਜਿਉਣ ਲਈ
ਨਾ ਦਿਲ ਸਾਫ਼ ਹੈ ਕਿਸੇ ਦਾ
ਨਾ ਦਿਲਾਂ 'ਚ ਰਿਹਾ ਪਰਵਦਗਾਰ।

ਨਾ ਵੱਡਿਆਂ ਲਈ ਸਤਿਕਾਰ ਹੈ
ਨਾ ਸੱਭਿਅਤਾ ਦੀ ਪਹਿਚਾਣ ਹੈ
ਅੱਜ ਦਾ ਮਨੁੱਖ ਕਿਹੜਾ ਮੂੰਹ
ਲੈ ਕੇ ਜਾਵੇਗਾ ਸਾਈਂ ਦੇ ਦਰਬਾਰ।

ਦੇਸ਼ ਆਪਣੇ ਤੇ ਭੀੜ ਬਣੀ ਏ
ਇਹ ਕੈਸੀ ਹਵਾ ਚੱਲੀ ਏ
ਦੇਸ਼ ਭਗਤਾਂ ਦੀ ਧਰਤੀ ਤੇ
ਖੁਲੇਆਮ ਜੀ ਰਿਹਾ ਏ ਗ਼ੱਦਾਰ।

ਝੂਠ ਦੇ ਡੰਕੇ ਵੱਜਦੇ ਨੇ
ਈਮਾਨ ਦੀ ਵਿਕਰੀ ਹੁੰਦੀ ਏ
ਮੇਰੇ ਦੇਸ਼ 'ਤੇ ਆਫ਼ਤ ਆਈ ਹੈ
ਮਾਂ! ਕਿਵੇਂ ਹੋਵੇਗਾ ਕੋਈ ਚਮਤਕਾਰ?

ਦਿਲ ਤੜਫ਼ ਜਾਂਦਾ ਏ
ਮਾਂ! ਇਹ ਮੇਰਾ ਹੀ ਦੇਸ਼ ਏ
ਦੇਸ਼ ਦੀ ਇਸ ਦਸ਼ਾ ਨੂੰ
ਅੱਜ ਕਿਵੇਂ ਸਕਦੇ ਹਾਂ ਸੁਧਾਰ।

ਦਸ਼ਮੇਸ਼ ਪਿਤਾ ਨੇ ਕੀਤਾ ਸੀ
ਜ਼ੁਲਮੀ ਦੁਸ਼ਮਣ ਦਾ ਅੰਤ
ਪਰ ਅੱਜ ਕੌਣ ਚੁੱਕੇਗਾ
ਜ਼ੁਲਮ ਖ਼ਿਲਾਫ਼ ਹਥਿਆਰ।

ਆਓ ਰਲ-ਮਿਲ ਇੱਕ ਹੋ ਜਾਈਏ
ਏਕੇ ਦੇ ਵਿੱਚ ਬਰਕਤ ਪਾਈਏ
ਦੇਸ਼ ਆਪਣਾ ਬਚਾਉਣ ਲਈ
ਮਾਰੀਏ ਹੰਭਲਾ ਕੋਈ ਜ਼ੋਰਦਾਰ।

ਮਾਂ ਤੂੰ ਕੁਦਰਤੀ ਰੂਪ-ਅਰੂਪ ਏਂ
ਹਰ ਪਾਸੇ ਹਰ ਸ਼ੈਅ ਪਿੱਛੇ
ਹਰ ਮੁਸੀਬਤ ਝੱਲ ਜਾਈਏ ਅਸੀਂ
ਮਿਲਦਾ ਰਹੇ ਜੇ ਤੇਰਾ ਪਿਆਰ।

ਤੂੰ ਹਰ ਆਇਨੇ ਦਾ ਅਕਸ
ਤੂੰ ਫੁੱਲਾਂ ਦੀ ਮਹਿਕ
ਤੂੰ ਪੰਛੀਆਂ ਦੀ ਡਾਰ
ਮਾਂ! ਤੂੰ ਹਰ ਪਾਣੀ ਦੀ ਆਬਸ਼ਾਰ।

ਮੇਰੇ ਵੀ ਕਈ ਫ਼ਰਜ਼ ਨੇ
ਮੇਰੇ ਦੇਸ਼, ਮੇਰੇ ਪੰਜਾਬ ਲਈ
ਇਹ ਫ਼ਰਜ਼ ਅਦਾ ਕਰਨ ਦਾ
ਪੁੱਤਰ ਵਜੋਂ ਬਣਦਾ ਹੈ ਮੇਰਾ ਅਧਿਕਾਰ।

ਹੈ ਇੱਛਾ ਮੇਰੀ ਵੀ
ਕੁੱਝ ਨੇਕ ਯਤਨ ਕਰਨ ਦੀ
ਮੇਰੇ ਯਤਨ ਸਫ਼ਲ ਹੋਣ ਮਾਂ
ਹੋਵੇ ਮੇਰਾ ਦਿਲ ਖੁੱਲ੍ਹਾ ਤੇ ਉਦਾਰ।

ਹਰ ਪਾਸੇ ਹੋਵੇ ਇਨਸਾਨੀਅਤ
ਹਰ ਪਾਸੇ ਹੋਵੇ ਪਿਆਰ
ਹਰ ਚਿਹਰੇ ਤੇ ਹੋਵੇ ਰੌਣਕ
ਹਰ ਘਰ ਵਿਚ ਹਾਸਿਆਂ ਦੀ ਛਣਕਾਰ।

ਮੈਂ ਆਪਣੀ ਜੀਵਾਂ ਜ਼ਿੰਦਗੀ
ਤੇਰੇ ਪਿਆਰ ਦੇ ਸਹਾਰੇ ਮਾਂ
ਮਿਲਦਾ ਰਹੇ ਸਦਾ ਹੀ ਮੈਨੂੰ
ਤੇਰੀ ਮਮਤਾ ਦਾ ਖ਼ੁਮਾਰ, ਬੇ-ਸ਼ੁਮਾਰ।

**

## ਮੇਰੀ ਪਨਾਹ

ਮਾਫ਼ ਕਰਨਾ
ਇਹ ਸ਼ਬਦਾਂ ਦੀ ਇਮਾਰਤ
ਜੋ ਖੁਸ਼ੀ, ਗ਼ਮੀ, ਆਸ਼ਾ, ਨਿਰਾਸ਼ਾ
ਦੇ ਮਲਬੇ ਦੀ ਬਣੀ ਹੈ
ਕੋਈ ਨੁਮਾਇਸ਼ ਨਹੀਂ
ਤੜਫ਼ ਤੋਂ ਤਮੰਨਾ ਬਣੀ
ਇਹ ਮੇਰੀ ਪਨਾਹ ਹੈ।

ਇਹ ਉਹ ਇਮਾਰਤ ਹੈ
ਜੋ ਲੋਚਦੀ ਹੈ ਸਿਰਫ਼
ਤੜਫ਼ ’ਚੋਂ ਉੱਠੀ ਹਿੰਮਤ ਨੂੰ
ਪੀੜਾਂ ਦੇ ਪਰੁੰਨਿਆਂ ਤੇ
ਖੁਸ਼ੀ ਦੇ ਸੁੱਚੇ ਮੋਤੀਆਂ ਨੂੰ
ਇਹ ਦਰਦਾਂ ਦੀ ਮਹਿਫ਼ਿਲ ਹੈ
ਇਹ ਮੇਰੀ ਗਵਾਹ ਹੈ।

ਮੇਰੀ ਜ਼ਿੰਦਗੀ ਨੂੰ ਜ਼ਿੰਦਗੀ
ਤੇ ਰਹਿਣ ਦਿਉ ਮੈਨੂੰ
ਬਸ ਇਨਸਾਨ ਹੀ
ਈਰਖਾ ਤੇ ਖ਼ੁਦਗਰਜ਼ੀ ਦੀ ਤੱਕੜੀ ’ਚ
ਨਾ ਤੋਲੋ ਮੇਰੇ ਸ਼ਬਦਾਂ ਨੂੰ
ਇਹ ਵਿਕਣ ਵਾਲੇ ਨਹੀਂ
ਇਹ ਮੇਰੀ ਬਿਰਹਾ ਹੈ।

ਇਕੱਲਾ ਨਹੀਂ ਹਾਂ ਮੈਂ
ਮੇਰੀ ਬਿਰਹਾ ਹੈ ਮੇਰੇ ਨਾਲ
ਤੇ ਮੇਰੇ ਸ਼ਬਦਾਂ ਦੀ ਡਾਰ ਵੀ
ਉੱਡ-ਉੱਡ ਜਾਵਣ
ਨਾਲ ਮੈਨੂੰ ਉਡਾਵਣ
ਇੰਝ ਹੀ ਬਣਜਾਂ ਆਜ਼ਾਦ ਪਰਿੰਦਾ
ਇਹ ਮੇਰੀ ਦੁਆ ਹੈ।

ਮੈਂ ਗੁਲਾਮ ਨਹੀਂ ਹਾਂ
ਦੀਵਾਰਾਂ ਦੇ ਅੰਦਰ
ਤੇ ਨਾ ਹੀ ਕੈਦੀ ਹਾਂ
ਕਿਸੇ 'ਰਿਸ਼ਤਪਿੰਜਰ' ਦਾ
ਬਾਜ਼ ਤਾਂ ਨਹੀਂ ਕਹਾਂਗਾ ਖ਼ੁਦ ਨੂੰ
ਝੂਠੇ ਨਕਾਬਾਂ ਨੂੰ ਜਾਣਦਾ ਹਾਂ ਆਖ਼ਰ
ਇਹ ਮੇਰੀ ਨਿਗਾਹ ਹੈ।

ਸਰੀਰ ਹੈ ਮਿੱਟੀ ਜੇਕਰ
ਵਿਚਾਰਾਂ 'ਚ ਰੂਹ ਹੈ
ਤੇ ਰੂਹ ਦਾ ਪੰਛੀ ਮਰਦਾ ਨਹੀਂ
ਸ਼ਬਦਾਂ 'ਚ ਜੀਵੇਗਾ
ਹੇ! ਕਾਦਰ ਦੀ ਕੁਦਰਤ
ਮੁੱਕ ਨਾ ਜਾਵੇ ਮੇਰੀ ਤੜਫ਼
ਇਹ ਮੇਰਾ ਖ਼ੁਦਾ ਹੈ।

ਕੁਦਰਤ ਦੇ ਜਿਸ ਰੂਪ ਨਾਲ
ਖ਼ੁਦਾ ਨੇ ਮੇਲ ਕਰਾਇਆ
ਉਹ ਮੇਰੀ ਹੀ 'ਸ਼ਬਦਰਾਣੀ' ਹੈ
ਇਸੇ ਦੀ ਗੋਦ ਵਿੱਚ ਜੀਣਾ, ਮਰਨਾ
ਤੇ ਇਹ ਕੋਈ ਕੁਫ਼ਰ ਨਹੀਂ
ਇਹ ਮੇਰੀ ਕਤਲਗਾਹ ਹੈ।

**

## ਵਾਅਦਾ ਖ਼ਿਲਾਫ਼ੀ

ਹੇ! ਮੇਰੀ ਜਨਮਦਾਤੀ
ਇਹ ਵਾਅਦਾ ਤੂੰ ਮੇਰੇ ਨਾਲ
ਪਹਿਲਾਂ ਵੀ ਕੀਤਾ ਸੀ
ਜਦੋਂ ਤੇਰੇ ਵਜੂਦ ਹੀ ਸਿਰਫ਼
ਮੇਰੀ ਪਹਿਚਾਣ ਸੀ ਕੇਵਲ।
ਗੁਆਚ ਗਿਆ ਸੀ ਵਾਅਦਾ
ਲੱਖ ਢੂੰਡਣ ਤੇ ਨਾ ਲੱਭਾ
ਲੱਭਦਾ ਵੀ ਕਿਵੇਂ ਉਹ
ਵਾਅਦਾ ਖ਼ਿਲਾਫ਼ੀ ਨੇ ਉਸਨੂੰ
ਅਗਵਾ ਕਰ ਲਿਆ ਸੀ।
ਕੁਰਬਾਨ ਜਾਵਾਂ ਮੈਂ ਇਸਦੇ
ਜੋ ਵਾਅਦਾ ਖ਼ਿਲਾਫ਼ੀ ਸੀ
ਨਿਭਦੀ ਆਈ ਮੇਰੇ ਨਾਲ
ਮੇਰੀ ਆਸ ਦੇ ਉਲਟ
ਮੇਰੀ ਸੋਚ ਦੇ ਉਲਟ ਹੁਣ ਤੱਕ।
ਤੇਰੀ ਮਮਤਾ ਵੀ ਅਜੀਬ
ਤੇਰਾ ਪਿਆਰ ਵੀ ਅਜੀਬ
ਤੇਰੀ ਸਮਝ ਵੀ ਅਜੀਬ
ਤੇਰੀ ਚੁੱਪ ਵੀ ਅਜੀਬ
ਮੈਂ ਵੀ ਉਲਝ ਗਈ ਹਾਂ।
ਕੀ ਕੁੱਖ ਵਿੱਚ ਮਰਨਾ ਹੀ
ਮੇਰੀ ਜ਼ਿੰਦਗੀ ਹੈ ਸਿਰਫ਼
ਕਿਉਂ ਨਾ ਦੂਰ ਕਰ ਸਕੀ
ਇਸ ਬੁਰਾਈ ਨੂੰ ਮਾਂ!
ਮੇਰਾ ਅਕਸ ਮਿਟੇਗਾ
ਤਾਂ ਤੇਰੀ ਹੋਂਦ ਵੀ ਮਿਟੇਗੀ।
ਪਰ ਪਤਾ ਨਹੀਂ ਕਿਉਂ
ਮੇਰੀ ਮਾਸੂਮ ਜ਼ਿੰਦੜੀ ’ਤੇ

ਕਿਉਂ ਕਿਸੇ ਨੂੰ ਮੋਹ ਨਹੀਂ ਆਉਂਦਾ
ਹਰ ਵਾਰ ਮੈਂ ਜਗਣ ਤੋਂ
ਪਹਿਲਾਂ ਹੀ ਬੁਝ ਜਾਂਦੀ ਹਾਂ
ਚਲੀ ਜਾਂਦੀ ਹਾਂ ਜੱਗ ਵਿਹੂਣੀ
ਨਾ ਜਵਾਬ ਹੈ ਮਾਂ ਕੋਲ ਤੇਰੇ
ਤੇ ਨਾ ਹੀ ਕੋਈ ਜੁਗਤ ਹੈ
ਮੇਰੀ ਹੋਂਦ ਨੂੰ ਬਚਾਉਣ ਲਈ।
ਤੇਰੀ ਮਮਤਾ ਦਾ ਸਾਇਆ,
ਤੇਰੀ ਸੋਚ ਦਾ ਦਾਇਰਾ,
ਤੇਰੇ ਫ਼ੈਸਲੇ ਦੀ ਕੀਮਤ,
ਕੋਈ ਰਸਤਾ ਨਹੀਂ ਹੈ
ਤੇਰੇ ਹੁਣ ਵੀ ਕੋਲ ਜਿਵੇਂ
ਨਹੀਂ ਸੀ ਹੁੰਦੀ ਹਰ ਵਾਰ।

✵✵

## ਮੇਰੀ ਮਾਂ ਪੰਜਾਬੀ

ਤੇਰੇ ਪੰਜਾਬੀ ਸ਼ਬਦਾਂ ਦੀ ਮਮਤਾ
ਮਨ ਮੋਹ ਲੈਣ ਵਾਲੀ
ਤੇਰੇ ਨਿਆਰੇ ਸ਼ਬਦਾਂ ਦੀ ਛਾਂ
ਮੈਨੂੰ ਮਾਣ ਹੈ ਮਾਂ ਤੇਰੇ 'ਤੇ
ਕਿ ਤੂੰ ਏਂ ਮੇਰੀ ਮਾਂ ਪੰਜਾਬੀ।

ਤੇਰੇ ਸ਼ਬਦਾਂ ਦੀ ਬੁਣਤੀ ਵਿੱਚ
ਬੁਣੀਆਂ ਨੇ ਮੈਂ ਕਈ ਰੀਝਾਂ
ਮਨ ਦੀ ਤੜਫ਼ ਤਮੰਨਾ ਬਣ ਕੇ
ਪੰਜਾਬੀਅਤ ਦੀ ਸਿਆਹੀ 'ਚ ਘੁਲ ਕੇ
ਸ਼ਬਦ ਹੈ ਬੁਣਦੀ ਮੇਰੀ ਮਾਂ ਪੰਜਾਬੀ।

ਤੇਰੇ ਤੋਂ ਬਿਨਾ ਮੇਰੇ ਸੁਪਨੇ
ਤੇਰੇ ਤੋਂ ਬਿਨਾ ਮੇਰੀ ਆਸ
ਨਾ ਕੁੱਝ ਹੋਰ ਰਹੇ ਕਾਇਮ
ਆਪਣੇ ਰੰਗ ਵਿੱਚ ਪੂਰਾ ਰੰਗ ਲੈ
ਓ ਮੇਰੀ ਸ਼ਾਨ! ਮੇਰੀ ਮਾਂ ਪੰਜਾਬੀ।

ਨਾ ਪੰਜਾਬ ਦਾ ਦਰਦ ਲੁਕਿਆ ਤੈਥੋਂ
ਨਾ ਮੇਰਾ ਕਦੇ ਲੁਕ ਪਾਇਆ
ਜ਼ਖ਼ਮਾਂ 'ਤੇ ਅੰਤ ਨੂੰ ਲਾਵੇਂ ਤੂੰ
ਬਣਾਕੇ ਪੰਜਾਬੀ ਸ਼ਬਦਾਂ ਦੀ ਮੱਲ੍ਹਮ
ਮਮਤਾ ਦੀ ਮੂਰਤ, ਮੇਰੀ ਮਾਂ ਪੰਜਾਬੀ।

ਹਰ ਪੰਜਾਬੀ ਤੇਰੀ ਪੰਜਾਬੀਅਤ 'ਚੋਂ
ਤੇਰੇ ਮਹਿਕਦੇ ਰੌਸ਼ਨ ਪੰਜਾਬ 'ਚੋਂ
ਆਪਣਾ ਭਵਿੱਖ ਵੇਖੇ, ਹੈ ਮੇਰੀ ਇੱਛਾ
ਨਾ ਰੁਲੇ ਪ੍ਰਦੇਸਾਂ ਵਿੱਚ ਕੋਈ ਵੀ
ਹਰ ਦਿਲ ਕਹੇ, ਮੇਰੀ ਮਾਂ ਪੰਜਾਬੀ।

ਨਸ਼ਿਆਂ ਤੋਂ ਦੂਰ, ਹਰ ਬੁਰਾਈ ਤੋਂ ਪਰੇ
ਤੇਰੀ ਗੋਦ ਦੇ ਨਿੱਘ ਵਿੱਚ
ਹਰ ਇੱਕ ਨੂੰ ਆਵੇ ਆਨੰਦ
ਹਰ ਮਨ ਵਿੱਚ ਪੰਜਾਬੀ ਹੋਵੇ
ਜ਼ੁਬਾਨ 'ਤੇ ਬਸ, ਮੇਰੀ ਮਾਂ ਪੰਜਾਬੀ।

**

# ਗ਼ਜ਼ਲਾਂ

ਜ਼ਿੰਦਗੀ ਦੀ ਕਿਤਾਬ ਵਿੱਚੋਂ ਕੀ ਹੈ ਮਿਟਿਆ ਹੋਇਆ,
ਰੌਸ਼ਨੀ ਹੈ ਕਿੱਥੇ, ਕਿੱਥੇ ਹੈ ਆਖ਼ਰ ਨੂਰ ਛੁਪਿਆ ਹੋਇਆ।

ਦਿਲ ਦੇ ਹਰ ਕਹਿਰ ਨੂੰ ਮੈਂ ਇੱਕ ਨੋਕ ’ਤੇ ਟੰਗਿਆ ਹੋਇਆ,
ਜਿਸ ਸੱਚ ਤੇ ਦੁਨੀਆਂ ਪਰਦਾ ਕੀਤਾ ਉਹ ਨਹੀਂ ਲੁਕਿਆ ਹੋਇਆ।

ਪਰਮਾਤਮਾ ਦੀ ਬਖ਼ਸ਼ਿਸ਼ ਹੈ ਮੇਰੀ ਜ਼ਿੰਦਗੀ ਦਾ ਹਰ ਪਲ,
ਉਸੇ ਦਾ ਅਹਿਸਾਸ ਹੈ ਕਾਵਿ-ਸਤਰਾਂ ’ਚ ਲਿਖਿਆ ਹੋਇਆ।

ਸ਼ਬਦ ਮੇਰੇ ਹੁਣ ਰੌਸ਼ਨੀ ਬਣ ਗਏ ਨੇ ਮੇਰੇ ਲਈ,
ਮੇਰਾ ਚਿਹਰਾ ਹਰ ਵਾਰ ਸ਼ਬਦਾਂ ਵਿੱਚ ਉੱਜਲਾ ਹੋਇਆ।

ਮੇਰੇ ਕਦਮਾਂ ਨੇ ਅਗਾਂਹ ਵੱਲ ਨੂੰ ਵੱਧਣਾ ਹੀ ਸੀ,
ਦੁਨੀਆਂ ਦਾ ਐਵੇਂ ਜ਼ੋਰ ਸੀ ਮੈਨੂੰ ਰੋਕਣ ਤੇ ਲੱਗਿਆ ਹੋਇਆ।

ਜੇ ਦਿਲੋਂ ਹਮਦਰਦੀ ਹੁੰਦੀ ਤਾਂ ਦਿੰਦੇ ਹੌਂਸਲਾ ਜ਼ਰੂਰ,
ਮੈਨੂੰ ਵੀ ਪੱਥਰ ਬਣਾਉਣ ਨੂੰ ਜ਼ਮਾਨਾ ਸੀ ਪੱਥਰ ਬਣਿਆ ਹੋਇਆ।

ਸ਼ੁਕਰ ਕਰਾਂ ਲੱਖ ਵਾਰ ਸੱਚੇ ਪਿਤਾ-ਪਰਮੇਸ਼ਵਰ ਦਾ,
ਮੇਰਾ ਸਾਰਾ ਹੌਂਸਲਾ ਉਸਦੇ ਭਰੋਸੇ ਤੇ ਹੈ ਟਿਕਿਆ ਹੋਇਆ।

ਉਹ ਲੋਕ ਜੋ ਮੈਨੂੰ ਤਗ਼ਮਿਆਂ ਤੋਂ ਵਿਹੂਣਾ ਆਖਦੇ ਸੀ,
ਉਹਨਾਂ ਨੂੰ ਕੀ ਪਤਾ ਸ਼ਬਦਾਂ ਨੇ ਮੈਨੂੰ ਨਗ਼ਮਿਆਂ ’ਚ ਚਿਣਿਆ ਹੋਇਆ।

ਗ਼ਮਾਂ ਦੀ ਦੌਲਤ ਨੂੰ ਸੰਭਾਲ ਕੇ ਰੱਖਣਾ ਜ਼ਰੂਰ ਹੈ,
ਜ਼ਿੰਦਗੀ ਦਾ ਹਰ ਗ਼ਮ ਹੁੰਦਾ, ਖੁਸ਼ੀ ਨਾਲ ਤੁਲਿਆ ਹੋਇਆ।

ਮੈਂ ਖ਼ੁਦ ਇੱਕ ਸ਼ਬਦ ਦੀ ਤਰ੍ਹਾਂ ਹਾਂ ਅੱਜ-ਕੱਲ੍ਹ ਦੋਸਤੋ,
ਅਧੂਰੇ ਪੰਨੇ ਪੂਰਨ ਲਈ ਮੇਰਾ ਹੌਂਸਲਾ ਹੈ ਜੁਟਿਆ ਹੋਇਆ।

✷

ਕੁੱਝ ਪਲ ਜ਼ਿੰਦਗੀ ਮਿਲੀ ਗੰਭੀਰ ਬਣ ਕੇ,
ਮੈਂ ਸੋਚਿਆ ਬਹੁਤ ਦਿਲਗ਼ੀਰ ਬਣ ਕੇ।

ਕੁੱਝ ਰਿਸ਼ਤਿਆਂ ਤੋਂ ਪਰੇ ਤੇ ਕੁੱਝ ਦਿਲਾਂ ਤੋਂ,
ਮੈਂ ਉੱਡਿਆ ਸਾਂ ਹਵਾਵਾਂ ਦਾ ਫ਼ਕੀਰ ਬਣ ਕੇ।

ਮੈਨੂੰ ਉੱਡਦਿਆਂ ਮਿਲਿਆ ਸੀ ਰਸ ਅੰਬਰ ਤੋਂ,
ਕਿ ਧਰਤੀ ਦੀ ਯਾਦ ਆਈ ਤਕਦੀਰ ਬਣ ਕੇ।

ਨਾ ਧਰਤੀ ਤੇ ਨਾ ਹੀ ਅੰਬਰ ਭੁੱਲਿਆ ਜਾਵੇ,
ਮੈਂ ਮੋਹ ਪਾ ਬੈਠਾ ਧਰਤੀ ਦਾ ਨੀਰ ਬਣ ਕੇ।

ਕਦੇ ਭਾਫ਼ ਬਣ ਅੰਬਰ ਨੂੰ ਜਾ ਛੂਹਾਂ ਮੈਂ,
ਕਦੇ ਜੰਮ ਕੇ ਬੈਠ ਜਾਵਾਂ ਬਰਫ਼ ਦਾ ਨੀਰ ਬਣ ਕੇ।

ਜੇ ਮੈਂ ਇੰਝ ਹੀ ਰਿਹਾ ਤੇ ਚੁੱਪ ਹੀ ਰਿਹਾ,
ਕਿਵੇਂ ਸ਼ਬਦਾਂ ਨੂੰ ਜਗਾਵਾਂਗਾ ਤਕਦੀਰ ਬਣ ਕੇ।

ਤੜਫ਼ 'ਚੋਂ ਤਮੰਨਾ ਵੀ ਕਰਨੀ ਹੈ ਹਾਸਿਲ,
ਜ਼ਿੰਦਗੀ ਕਦੇ ਨਾ ਹੋਵੇ ਰੌਸ਼ਨ ਗ਼ਮਗ਼ੀਰ ਬਣ ਕੇ।

ਮੁੱਢ ਤੋਂ ਹੀ ਰਿਸ਼ਤਿਆਂ ਨੂੰ ਪਰਖਦਾ ਰਿਹਾ ਹਾਂ,
ਪਰ ਰਿਸ਼ਤਿਆਂ ਦੀ ਮਿਠਾਸ ਮਿਲੀ ਅਖੀਰ ਬਣ ਕੇ।

ਦਿਲ ਦੇ ਪੰਛੀ ਨੇ ਹਫ਼ ਕੇ ਬਹਿ ਹੀ ਜਾਣਾ ਸੀ,
ਆਸ ਦਾ ਚੋਗਾ ਮਿਲਿਆ ਅਣਲੰਘੀ ਲਕੀਰ ਬਣ ਕੇ।

ਇੱਕ ਮੇਰੀ ਸੋਚ ਅਤੇ ਮੇਰੀ ਆਸ ਵਿਚਲਾ ਫ਼ਾਸਲਾ,
ਰਹਿ ਗਿਆ ਮੇਰੇ ਅਤੇ ਪੁੱਤ ਦੇ ਖ਼ਿਤਾਬ ਵਿਚਲਾ ਫ਼ਾਸਲਾ।

ਮੈਂ ਸੋਚਦਾ ਰਿਹਾ ਅਖ਼ੀਰ ਤੱਕ ਆਪਣੇ ਹੀ ਅੰਦਰ,
ਫਿਰ ਵੀ ਮਹਿਸੂਸ ਹੁੰਦਾ ਰਿਹਾ ਮੇਰੀ ਆਸ ਵਿਚਲਾ ਫ਼ਾਸਲਾ।

ਦੁਖੀ ਨਹੀਂ ਹਾਂ ਮੈਂ ਨਪੀੜ ਚੁੱਕਿਆ ਹੀ ਮਾਸ ਹਾਂ,
ਜ਼ਖ਼ਮੀ ਦਿਲ ਨੂੰ ਕੀ ਕਹਾਂ, ਲਹੂ ਅਤੇ ਮਾਸ ਵਿਚਲਾ ਫ਼ਾਸਲਾ।

ਮਿਟਾਉਂਦਾ ਹੀ ਰਹਿ ਗਿਆ ਜ਼ਖ਼ਮਾਂ ਦੇ ਦਾਗ ਮੈਂ,
ਪਰ ਮਿਟਿਆ ਨਾ ਕਦੇ ਵੀ ਪੁੱਤ ਅਤੇ ਧੀ ਵਿਚਲਾ ਫ਼ਾਸਲਾ।

ਕੀ ਕਹਾਂ ਮੈਂ ਉਹਨਾਂ ਆਪਣਿਆਂ ਸਾਰਿਆਂ ਨੂੰ,
ਉਹਨਾਂ ਅਤੇ ਅਪਣੱਤ ਦਾ ਹੈ ਆਪਸ ਵਿਚਲਾ ਫ਼ਾਸਲਾ।

ਰੌਣਕਾਂ ਨੇ ਪਿਆਰੀਆਂ ਜਿਉਂਦੇ ਜੀ ਇਨਸਾਨ ਨੂੰ,
ਮੈਂ ਲੋਕਾਂ ਦੀ 'ਮੈਂ' ਤੋਂ ਆਪਣੀ ਖੁਸ਼ੀ ਵਿਚਲਾ ਫ਼ਾਸਲਾ।

ਮੈਂ ਕੋਸ਼ਿਸ਼ ਕਰਦਾ ਰਿਹਾ ਕੋਹਾਂ ਦੀ ਵਾਟ ਮੁਕਾਉਣ ਲਈ,
ਨਾ ਵਾਟ ਮੁੱਕੀ, ਨਾ ਤਪਸ਼ ਮੁੱਕੀ, ਨਾ ਮੇਰੀ ਆਸ ਵਿਚਲਾ ਫ਼ਾਸਲਾ।

ਮਿਠਾਸ ਤੋਂ ਮੁਕਤ ਹੋ ਗਏ ਮੇਰੇ ਲਈ ਸਭ ਰਿਸ਼ਤੇ ਹੀ,
ਮੁੱਢ ਤੋਂ ਹੀ ਕਾਇਮ ਸੀ ਰਿਸ਼ਤਿਆਂ ਤੇ ਜਜ਼ਬਾਤ ਵਿਚਲਾ ਫ਼ਾਸਲਾ।

ਨਹੀਂ, ਮੈਂ ਕੁੱਝ ਨਹੀਂ ਕਿਹਾ, ਨਾ ਕਲਮ ਨੇ ਕੁੱਝ ਲਿਖਿਆ,
ਕਾਗਜ਼ ਬਸ ਸੋਚਦਾ ਹੈ ਖ਼ੁਦਾ ਅਤੇ ਇਨਸਾਨ ਵਿਚਲਾ ਫ਼ਾਸਲਾ।

ਜ਼ਿੰਦਗੀ ਦੀਆਂ ਬੇਰੁਖੀਆਂ ਦਾ ਕੀ ਰੱਖੀਏ ਦੱਸੋ ਨਾਮ,
ਜ਼ਿੰਦਗੀ ਤਾਂ ਜ਼ਿੰਦਗੀ ਹੈ, ਨਹੀਂ ਕੋਈ ਮੱਥੇ ਦਾ ਇਲਜ਼ਾਮ।

ਮਨ ਦਾ ਮਿਰਗ ਪਿਆਸਾ ਫਿਰਦਾ ਮਿਲਦਾ ਨਾ ਆਰਾਮ,
ਕਿੱਥੇ ਜਾਵਾਂ, ਪਿਆਸ ਬੁਝਾਵਾਂ, ਦਿਲ ਵਿੱਚ ਹੈ ਕੁਹਰਾਮ।

ਜ਼ਿੰਦਗੀ ਦੀਆਂ ਦਹਿਲੀਜ਼ਾਂ ਨੂੰ ਚੁੰਮਦੇ ਗ਼ਮਾਂ ਦੇ ਖ਼ਤ,
ਗ਼ਮ ਤੇ ਗ਼ਮ ਹੈ, ਕਿਸ ਗ਼ਮ ਨੂੰ ਸਮਝਾਂ ਖੁਸ਼ੀਆਂ ਦਾ ਪੈਗ਼ਾਮ।

ਆਪਣੇ ਅੰਦਰ ਖਿੱਲਰੀਆਂ ਯਾਦਾਂ ਕਿੱਦਾਂ ਮੈਂ ਸਮੇਟਾਂ,
ਨਾ ਆਰਾਮ, ਨਾ ਪੈਗ਼ਾਮ, ਨਾ ਯਾਦਾਂ ਦਾ ਕੋਈ ਨਾਮ।

ਹਰ ਮੋੜ ਹੈ ਜ਼ਿੰਦਗੀ ਦਾ ਨਾਲ ਚੁਣੌਤੀਆਂ ਘਿਰਿਆ,
'ਜਸ' ਨੇ ਲੜਦੇ ਰਹਿਣਾ, ਸੰਘਰਸ਼ ਹੈ ਜ਼ਿੰਦਗੀ ਦਾ ਦੂਜਾ ਨਾਮ।

ਮੇਰੇ ਸੀਨੇ ਦੀ ਅਗਨ ਕੀ ਪਤਾ ਕਦ ਠੰਢੀ ਹੋਵੇ,
ਹੋਵੇ ਜਾਂ ਨਾ ਹੋਵੇ ਕੀ ਪਤਾ ਕਦ ਠੰਢੀ ਹੋਵੇ ?

ਮੈਂ ਕੀ ਕਰਾਂ, ਕੀ ਕਹਾਂ ਮੈਂ ਇਸ ਅਗਨ ਨੂੰ,
ਮੇਰੇ ਵੱਸ ਦੀ ਨਹੀਂ ਰਹੀ, ਕਦ ਚੰਡੀ ਹੋਵੇ।

ਲੱਖ ਸਮਝਾਵਾਂ ਮੈਂ ਇਸ ਨੂੰ ਨਾ ਲਪਟਾਂ ਬਣ,
ਲਪਟਾਂ ਬਣਨੋਂ ਤਾਂ ਹਟੇ, ਕਿਸੇ ਨੇ ਕਦ ਵੰਡੀ ਹੋਵੇ।

ਕਦੇ ਨੈਣਾਂ 'ਚੋਂ ਨੀਰ ਦੀ ਤਰ੍ਹਾਂ ਤੇ ਕਦੇ ਸ਼ਬਦਾਂ 'ਚੋਂ,
ਨਿਕਲੇ ਮੇਰੀ ਅਗਨ, ਇਸਦੀ ਹਵਾ ਕਦ ਠੰਢੀ ਹੋਵੇ।

ਇਹ ਜੋ ਸ਼ਬਦਾਂ ਨੂੰ ਚਿਣਦੀ ਹੈ ਕਾਗਜ਼ ਦੇ ਉੱਪਰ,
ਮੈਂ ਵਰ ਮੰਗਾਂ ਕਿ ਅਗਨ ਦੀ ਉਮਰ ਸਦਾ ਲੰਬੀ ਹੋਵੇ।

✷

ਇੱਕ ਨਦੀ ਦੀ ਸ਼ੂਕਰ ਵਿੱਚੋਂ ਆਵਾਜ਼ ਆਉਂਦੀ ਹੈ,
ਪਾਣੀਆਂ ਵਿਚਲੇ ਕੁਹਰਾਮ ਦੀ ਪਰਵਾਜ਼ ਗਾਉਂਦੀ ਹੈ।

ਖ਼ਾਮੋਸ਼ ਹੋ ਕੇ ਰਹਿਣ ਦਾ ਹੁਣ ਸਮਾਂ ਨਹੀਂ ਹੈ, ਵੇਖਣਾ,
ਤੇਰੀ ਹਰ ਕੋਸ਼ਿਸ਼ ਲੈ ਕੇ ਸਫ਼ਲਤਾ ਦਾ ਆਗਾਜ਼ ਆਉਂਦੀ ਹੈ।

ਹਰ ਰਾਤ ਤੋਂ ਬਾਅਦ ਸੁਨਹਿਰੀ ਸਵੇਰ ਆਵੇਗੀ ਦੋਸਤਾ,
ਭਵਿੱਖ਼ਤ ਜ਼ਿੰਦਗੀ ਖ਼ੁਦਾ ਦੀ ਬਣ ਕੇ ਹਮਰਾਜ਼ ਆਉਂਦੀ ਹੈ।

ਤੇਰੇ ਹੌਂਸਲੇ ਨੂੰ ਅਜ਼ਮਾਉਣ ਲਈ ਇਸ ਵਾਰ ਵੀ,
ਉਹੀ ਆਵਾਜ਼ ਆਵੇਗੀ, ਜੋ ਕਿ ਹਰ ਵਾਰ ਆਉਂਦੀ ਹੈ।

ਸਰਕਾਰਾਂ ਨੂੰ ਹੁਣ ਤੇਰੀ ਕੋਈ ਪਰਵਾਹ ਨਹੀਂ ਰਹੀ,
ਤੂੰ ਖ਼ੁਦ ਆਵੇਂਗਾ ਜਾਂ ਫਿਰ ਤੇਰੀ ਲਾਸ਼ ਆਉਂਦੀ ਹੈ।

ਕਰਕੇ ਦ੍ਰਿੜ੍ਹ ਇਰਾਦੇ ਖ਼ੁਦ ਹੀ ਮਾਰ ਹੰਭਲਾ ਕੋਈ,
ਵੇਖਣਾ ਜ਼ਿੰਦਗੀ ਲੈ ਕੇ ਖ਼ੁਸ਼ੀਆਂ ਦੇ ਕਿੰਨੇ ਸਾਜ਼ ਆਉਂਦੀ ਹੈ।

ਹੱਕ ਆਪਣੇ ਲਈ ਸੁਚੇਤ ਹੋਣ ਦਾ ਵੇਲਾ ਏ ਹੁਣ,
ਖ਼ੁਦ ਨੂੰ ਬਦਲ ਤੇ ਸੁਣ ਜੋ ਆਤਮਾ ’ਚੋਂ ਆਵਾਜ਼ ਆਉਂਦੀ ਹੈ।

‘ਜਸ’ ਵਰਗੇ ਕਹਿੰਦੇ ਆਏ ਨੇ ਤੇ ਕਹਿੰਦੇ ਵੀ ਰਹਿਣਗੇ,
ਜ਼ਿੰਦਗੀ ਨੂੰ ਪਛਾਣ ਕਿ ਜ਼ਿੰਦਗੀ ਇੱਕ ਵਾਰ ਆਉਂਦੀ ਹੈ।

ਭਾਰ ਢੋਣਾ ਜ਼ਿੰਦਗੀ ਦਾ, ਅਜਿਹਾ ਨਹੀਂ ਮੇਰਾ ਖ਼ਿਆਲ ਹੈ,
ਜ਼ਿੰਦਗੀ ਤਾਂ ਹੁੰਦੀ ਏ ਜਿਊਣ ਲਈ, ਜੀਣਾ ਬੇਮਿਸਾਲ ਹੈ।

ਸਫ਼ਰ ਲੰਮਾ ਜ਼ਰੂਰ ਹੈ ਪਰ ਅਸੰਭਵ ਤਾਂ ਨਹੀਂ ਇਹ,
ਵੱਧਦੇ ਜਾਣਾ ਹੈ ਇਸ ਤਰ੍ਹਾਂ ਜਿਵੇਂ ਬਿਰਖ ਡਾਲੋਂ-ਡਾਲ ਹੈ।

ਮੇਰੇ ਸ਼ਬਦ ਮੈਨੂੰ ਛਾਂ ਕਰ ਦਿੰਦੇ ਨੇ ਜੇ ਧੁੱਪ ਆ ਜਾਵੇ,
ਹੁਣ ਮੈਂ ਅੰਦਰੋ-ਅੰਦਰੀ ਬਲਣਾ ਨਹੀਂ ਮੇਰੀ ਗ਼ਜ਼ਲ ਨਾਲ ਹੈ।

ਜਿਹਨਾਂ ਪੱਤਿਆਂ ਨੂੰ ਹਰੇ ਮੇਰੇ ਹੰਝੂ ਰੱਖਦੇ ਨੇ ਸਦਾ,
ਮੇਰੀ ਰੂਹ ਨੂੰ ਉਹਨਾਂ ਪੱਤਿਆਂ ਦੀ ਅਜੇ ਵੀ ਢਾਲ ਹੈ।

ਤੇਰੀ ਨਜ਼ਾਕਤ ਨੂੰ ਹਕੀਕਤ ਕਰ ਦੇਵਾਂ ਮੈਂ ਬਿਨਾ ਪੁੱਛੇ,
ਹਸਰਤਾਂ ਤੇਰੀਆਂ ਨੂੰ ਸ਼ੀਸ਼ਾ ਵਿਖਾਉਣ ਦੀ ਮੇਰੀ ਕੀ ਮਜਾਲ ਹੈ।

ਤੇਰੀ ਹਰ ਆਦ੍ਰਿਸ਼ ਸ਼ੈਅ ਕੋਲੋਂ ਮਹਿਕ ਆਉਂਦੀ ਹੈ,
ਹੋਂਦ ਤੇਰੀ ਤੋਂ ਬਿਨਾ ਮੇਰਾ ਜੀਣਾ ਵੀ ਮੁਹਾਲ ਹੈ।

ਮੇਰੇ ਖ਼ਾਬ ਸਿਰਜਣ ਲਈ ਮੇਰੇ ਸ਼ਬਦ ਵੀ ਨੇ ਕਾਹਲੇ,
ਵੇਖਣਾ ਪਵੇਗਾ ਕਿ ਇਸ ਦੁਨੀਆਂ ਦੀ ਅੱਜ-ਕੱਲ੍ਹ ਕੀ ਚਾਲ ਹੈ ?

ਇਕੱਲਤਾ ਨੇ ਮੈਨੂੰ ਵੀ ਬਹੁਤ ਹੈ ਸਤਾਇਆ ਹੋਇਆ,
ਜ਼ਿੰਦਗੀ ਨੂੰ ਕਾਗਜ਼ਾਂ ਤੇ ਚਿਤਰਨ ਦਾ ਮੇਰਾ ਵੀ ਖ਼ਿਆਲ ਹੈ।

ਇੱਕ ਤੋਂ ਅਨੇਕ ਫਟਕਾਰਾਂ, ਤੜਪਾਂ ਤੇ ਇਕੱਲਤਾ ਦੇਣ ਵਾਲੇ,
ਐ ਜ਼ਮਾਨੇ ਦੇਖ ਲੈ ਨਜ਼ਰ ਭਰ, ਗ਼ਜ਼ਲ 'ਜਸ' ਦੇ ਨਾਲ ਹੈ।

ਮੇਰੀ ਲਾਲ ਚਿੜੀ ਹੈ, ਮੇਰੇ ਗ਼ਮ ਸਜਾਉਣ ਲਈ,
ਚੀਂ-ਚੀਂ ਹੈ ਕਰਦੀ ਰਹਿੰਦੀ ਸ਼ਬਦਾਂ ਨੂੰ ਜਗਾਉਣ ਲਈ।

ਮੇਰੇ ਆਲੇ-ਦੁਆਲੇ ਉੱਡਦੀ ਇਹ ਚਿੜੀ ਸੂਹੇ ਰੰਗ ਦੀ,
ਗ਼ਮ ਤੇ ਖ਼ੁਸ਼ਬੂ ਸ਼ਬਦਾਂ ਵਿੱਚ ਮਹਿਕਾਉਣ ਲਈ।

ਨਿੱਕੀ ਜਿਹੀ ਚੁੰਝ ਨਾਲ ਢੇਰਾਂ ਚੋਗਾ ਚੁਗਦੀ ਹੈ,
ਗ਼ਮ ਤੇ ਖੁਸ਼ੀਆਂ ਲਿਆਵੇ ਜ਼ਿੰਦਗੀ ਸਜਾਉਣ ਲਈ।

ਉਸਦੇ ਫੜਫੜਾਉਂਦੇ ਹੋਏ ਖੰਭਾਂ ਦੀ ਗੂੰਜ ਨੂੰ,
ਮਹਿਸੂਸ ਕੀਤਾ ਹੈ ਮੈਂ ਕਵਿਤਾ ਬਣਾਉਣ ਲਈ।

ਚੰਚਲ ਅਦਾਵਾਂ ਵਾਲੀ ਇਸ ਲਾਲ ਚਿੜੀ ਨੂੰ,
ਮੈਂ ਵੱਸ ਵਿੱਚ ਰੱਖਿਆ ਦਰਦ ਵੰਡਾਉਣ ਲਈ।

ਮੇਰੇ ਅਣਦਿਸਦੇ ਹੰਝੂਆਂ ਨੂੰ ਬਣਾ ਲਏ ਪਿਆਸ,
ਲਾ ਡੀਕਾਂ ਪੀ ਜਾਵੇ ਮੇਰੀ ਤੜਪ ਲੁਕਾਉਣ ਲਈ।

ਪੰਛੀ ਵਰਗਾ ਇਹ ਦਿਲ ਮੇਰਾ ਸੌਗ਼ਾਤ ਹੈ,
ਮਾਰ ਉਡਾਰੀ ਉੱਡ ਜਾਵੇ ਅੰਬਰੀਂ ਫੇਰਾ ਪਾਉਣ ਲਈ।

ਰਾਤਾਂ ਨੂੰ ਵੀ ਮੈਂ ਇਸਦਾ ਕਰਾਂ ਇੰਤਜ਼ਾਰ ਹਾਂ,
ਚੰਦ, ਤਾਰਿਆਂ ਤੋਂ ਰਸਤਾ ਪੁੱਛੇ ਵਾਪਸ ਆਉਣ ਲਈ।

ਪਰਮਾਤਮਾ ਦਾ ਵੀ ਬੜੀ ਸ਼ਿੱਦਤ ਨਾਲ ਸ਼ੁਕਰ ਕਰਾਂ,
ਲਾਲ ਚਿੜੀ ਜਿਹਾ ਪੰਛੀ ਦਿੱਤਾ ਗ਼ਮ ਛੁਪਾਉਣ ਲਈ।

ਜ਼ਿੰਦਗੀ ਪੱਤਝੜ ਦੇ ਮੌਸਮ ਵਿੱਚ ਹੈ ਖ਼ੋਈ-ਖ਼ੋਈ,
ਦਰਦਾਂ ਦੇ ਰੁੱਖ ਤੋਂ ਪੱਤਾ ਡਿੱਗਦਾ ਹੈ ਕੋਈ-ਕੋਈ।

ਉਦਾਸ ਜਿਹਾ ਆਲਮ ਹੈ ਇਹ ਕਿਸ ਤਰ੍ਹਾਂ ਦਾ,
ਚਾਰ-ਚੁਫ਼ੇਰੇ ਦੀ ਹਵਾ ਵੀ ਹੋਵੇ ਜਿਵੇਂ ਰੋਈ-ਰੋਈ।

ਪੰਛੀਆਂ ਦੀ ਡਾਰ ਵੀ ਹੈ ਸਹਿਮੀ ਜਿਹੀ ਜਾਪਦੀ,
ਤੜਪ ਦੇ ਹਾਦਸੇ ਨੇ ਵਾਪਰ ਜਾਣਾ ਹੀ ਸੀ ਚੋਰੀ-ਚੋਰੀ।

ਫ਼ਿਜ਼ਾ ਇਸ ਨਗਰ ਦੀ ਦਮ ਘੁੱਟਵੀਂ ਬਣਦੀ ਰਹੀ,
ਮੁਰਝਾ ਚੁੱਕੀ ਸਵੇਰ ਦੀ ਰੌਸ਼ਨੀ ਹੈ ਖੋਈ-ਖੋਈ।

ਦਿਨੇ ਵੀ ਜਗਦੀ ਰਹੇ ਨਗਰ ਦੀ ਸਟਰੀਟ ਲਾਈਟ,
ਜੁਗਨੂੰ ਨੂੰ ਯਾਦ ਕਰਨ ਵਾਲੀ ਦਿਲੀ ਯਾਦ ਹੈ ਕੋਈ-ਕੋਈ।

ਹੰਝੂਆਂ ਨੂੰ ਸਸਤੇ ਭਾਅ ਵੇਚਣ ਦਾ ਨਹੀਂ ਕੋਈ ਫ਼ਾਇਦਾ,
ਤਸੱਲੀ ਰੱਖਣਾ ਇੱਥੇ ਹਰ ਜ਼ਮੀਰ ਦੀ ਮੌਤ ਹੈ ਹੋਈ-ਹੋਈ।

ਕੁਦਰਤ ਮਾਂ ਦੀ ਗੋਦ ਵਿੱਚ ਮੈਨੂੰ ਸਿਮਟਣ ਵੀ ਦੇ,
ਹੁੰਮਸ ਹੈ ਅੰਦਰ ਮੇਰੇ, ਗ਼ਮਾਂ ਨੂੰ ਚਹਿਕਣ ਵੀ ਦੇ।

ਸ਼ਬਦਾਂ ਦੇ ਬੱਦਲਾਂ ਨੇ ਚਾੜ੍ਹੀਆਂ ਘਟਾਵਾਂ,
ਪਾਣੀ ਦੀਆਂ ਬੂੰਦਾਂ ਨੂੰ ਛਮ-ਛਮ ਬਰਸਣ ਵੀ ਦੇ।

ਜਿਸ ਪਿਆਰ ਨੂੰ ਦਿਲ ਵਿੱਚ ਸਮਾਇਆ ਹੈ,
ਮਾਂ ਸਾਹਮਣੇ ਮਹਿਕ ਦੀ ਤਰ੍ਹਾਂ ਫੈਲਣ ਵੀ ਦੇ।

ਤਾਰੇ, ਬੱਦਲ, ਹਵਾਵਾਂ, ਫੁੱਲ, ਪੌਦੇ, ਬਰਸਾਤਾਂ,
ਹੋਰ ਅਨੇਕਾਂ ਦੋਸਤ ਮੇਰੇ ਮਿਲਣ ਵੀ ਦੇ।

ਇਸ ਬੇਕਦਰੀ ਦੁਨੀਆਂ ਤੋਂ ਕੁੱਝ ਦੇਰ ਲਈ,
ਪਰਾਂ ਹੋ ਕੇ ਮਮਤਾ ਦੇ ਹੇਠ ਲਿਸ਼ਕਣ ਵੀ ਦੇ।

ਹਾਂ ਮੈਂ ਵੀ ਇੱਕ ਕਲਯੁਗੀ ਇਨਸਾਨ ਹੀ,
ਕੁੱਝ ਪਲਾਂ ਦੇ ਵਾਸਤੇ ਇਸ ਤੋਂ ਨਿਖੜਨ ਵੀ ਦੇ।

ਉਂਞ ਤਾਂ ਕੁਦਰਤ ਮਾਂ ਦੇ ਸਭ ਲਾਡਲੇ ਨੇ,
ਲਾਡ ਮਾਂ ਦਾ ਪਾ ਸਕਾਂ ਸਦਾ, ਸੋਚਣ ਵੀ ਦੇ।

'ਜਸ' ਦੀ ਜ਼ਿੰਦਗੀ ਅਧੂਰੀ ਹੀ ਨਹੀਂ ਸਿਰਫ਼,
ਮਾਂ ਤੋਂ ਬਿਨਾ ਖ਼ਤਮ ਹਾਂ, ਹੁਣ ਚਹਿਕਣ ਵੀ ਦੇ,

ਤਪਸ਼ ਦਿਲ ਦੀ ਤਮੰਨਾ ਬਣ ਉੱਤਰੀ ਹੈ,
ਮੈਨੂੰ ਮੇਰੀ ਤਮੰਨਾ ਨੂੰ ਤਰਾਸ਼ਣ ਵੀ ਦੇ।

ਕੀ ਦੁਖਦੀ ਰਗ ਨੂੰ ਛੇੜਨਾ ਛੱਡ ਪਰੇ,
ਕੀ ਇਹਨਾਂ ਜ਼ਖ਼ਮਾਂ ਨੂੰ ਕੁਰੇਦਣਾ ਛੱਡ ਪਰੇ।

ਇਸ ਸਫ਼ਰ ਤੋਂ ਉਸ ਸਫ਼ਰ ਤੱਕ ਹੈ ਜ਼ਿੰਦਗੀ,
ਹੁਣ ਸਫ਼ਰ ਤੋਂ ਅੱਖਾਂ ਫੇਰ ਨਾ ਛੱਡ ਪਰੇ।

ਕੌਣ ਨਾਲ ਚੱਲਿਆ ਤੇ ਕਿਸ ਨੇ ਸਾਥ ਛੱਡਿਆ,
ਇਕੱਲਿਆਂ ਬੈਠ ਕੇ ਐਨਾ ਸੋਚ ਨਾ ਛੱਡ ਪਰੇ।

ਕਵਿਤਾਵਾਂ ਤੇਰੀਆਂ ਮਸਤੀ ਸੰਗ ਚੱਲਣ,
ਤੈਨੂੰ ਹੁਣ ਕੋਈ ਹੋਸ਼ ਨਾ ਛੱਡ ਪਰੇ।

ਕੀ ਹੰਝੂਆਂ ਦਾ ਅੱਖੀਉਂ ਵਗਣਾ, ਚੁੱਪ ਹੋਣਾ,
ਖ਼ੁਦ ਨੂੰ ਖ਼ੁਦ ਹੀ ਸਮਝਾਉਣਾ ਛੱਡ ਪਰੇ।

ਸ਼ਬਦਾਂ ਦਾ ਬੂਟਾ ਸਿੰਜ ਲੈ, ਕਵਿਤਾ ਲਿਖ ਲੈ,
ਰਹਿਣ ਦੇ ਗ਼ਮਾਂ ਨੂੰ ਦਫ਼ਨਾਉਣਾ ਛੱਡ ਪਰੇ।

ਜੋ ਆਰ-ਪਾਰ ਦਾ ਹੋਵੇ, ਐਸਾ ਵਾਰ ਕਰ,
ਵਿੱਚ-ਵਿਚਲੇ ਪੰਛੀ ਤੜਫਾਉਣਾ ਛੱਡ ਪਰੇ।

ਖ਼ੁਦ ਹੀ ਦਿਸ਼ਾ ਬਦਲ ਕੇ ਚੱਲਣਾ ਬਸ,
ਕੀ ਕਿਸੇ ’ਤੇ ਇਲਜ਼ਾਮ ਲਗਾਉਣਾ ਛੱਡ ਪਰੇ।

ਕਾਮਯਾਬੀ ਜ਼ਿੰਦਗੀ ਦਾ ਸਿਰਨਾਵਾਂ ਬਣ ਜਾਵੇਗੀ,
ਸੱਚੇ ਰਸਤਿਉਂ ‘ਜਸ’ ਡੋਲ ਨਾ ਛੱਡ ਪਰੇ।

ਜਦੋਂ ਤੱਕ ਇਨਸਾਨ ਅਹਿਸਾਸ ਕਰੇ, ਰਿਸ਼ਤੇ ਇਨਸਾਨੀ ਹੁੰਦੇ ਨੇ,
ਐਨੇ ਦਿਨ ਹੀ ਜਿਉਣ ਲਈ ਬਸ ਕਾਫ਼ੀ ਹੁੰਦੇ ਨੇ।

ਰਿਸ਼ਤੇ ਉਹ ਨਹੀਂ, ਜੋ ਨਿਭਣ ਖ਼ੁਦਗਰਜ਼ੀ ਦੇ ਨਾਲ ਸਿਰਫ਼,
ਚੁੱਪ ਰਹਿ ਕੇ ਜੋ ਅਹਿਸਾਨ ਕਰਨ, ਉਹ ਰਿਸ਼ਤੇ ਅਹਿਸਾਨੀ ਹੁੰਦੇ ਨੇ।

ਉਹ ਦਿਨ ਜੋ ਸਕੂਨ ਦੇਵਣ ਖ਼ੁਦ ਨੂੰ ਤੇ ਆਪਣੇ ਲੋਕਾਂ ਨੂੰ,
ਐਸੀ ਰੌਸ਼ਨ ਫ਼ਿਜ਼ਾ ਤੋਂ ਬਿਨਾ, ਬਾਕੀ ਸਭ ਦਿਨ ਫ਼ਾਨੀ ਹੁੰਦੇ ਨੇ।

ਆਪਣਾ ਆਪਣਾ ਪ੍ਰਗਟਾਉਣ ਲਈ ਤੇ ਕੁੱਝ ਸਮਝਾਉਣ ਲਈ,
ਉਹ ਪਲ ਜੋ ਕਵਿਤਾ ਬਣ ਜਾਵਣ, ਐਸੇ ਚਾਅ ਵੀ ਹੁੰਦੇ ਨੇ।

ਜ਼ਿੰਦਗੀ ਦੇ ਜਿਨ੍ਹਾਂ ਦਿਨਾਂ ਵਿਚ ਗਲਤੀਆਂ ਸੁਧਰ ਜਾਵਣ,
ਮਾੜੇ ਕੰਮਾਂ ਤੇ ਮਾੜੇ ਦਿਨਾਂ ਨਾਲੋਂ ਉਹ ਦਿਨ ਮਾਫ਼ੀ ਹੁੰਦੇ ਨੇ।

ਬਿਨਾ ਗਲਤੀਓਂ ਜਦੋਂ ਮਿਲ ਜਾਵੇ ਸਜ਼ਾ ਇਨਸਾਨ ਨੂੰ,
ਪਰ ਮਿਲਦਾ ਰਹੇ ਸਾਥ ਖ਼ੁਦਾ ਦਾ, ਐਸੇ ਦਿਨ ਇਨਸਾਫ਼ੀ ਹੁੰਦੇ ਨੇ।

ਖ਼ੌਫ਼ ਖ਼ੁਦਾ ਦਾ ਛੱਡ ਕੇ ਜਦ ਕੋਈ ਕਰਦਾ ਹੈ ਬਦਖ਼ੋਰੀ,
ਦੁਨੀਆਂ ਦੇ ਵਿੱਚ ਇਨਸਾਨੀਅਤ ਤੋਂ ਹੌਲ਼ੇ ਐਸੇ ਭਾਅ ਵੀ ਹੁੰਦੇ ਨੇ।

ਵਾਅਦਾ ਕਰਕੇ ਭੁੱਲਣ ਨਾਲੋਂ ਨਾ ਕਰਨਾ ਹੀ ਚੰਗਾ,
ਫ਼ਰਜ਼ ਜਿਨ੍ਹਾਂ ਨੂੰ ਛੱਡ ਜਾਣਾ, ਵੀ ਵਾਅਦਾ ਖ਼ਿਲਾਫ਼ੀ ਹੁੰਦੇ ਨੇ।

'ਜਸ' ਨੇ ਹੋਰ ਕੀ ਕਹਿਣਾ ਏ, ਬਸ ਏਨਾ ਕਹਿ ਦਿੱਤਾ,
ਆਪਾ ਪਛਾਣ ਕੇ ਜੋ ਬੋਲੇ ਜਾਣ, ਉਹ ਸ਼ਬਦ ਹੀ ਕਾਫ਼ੀ ਹੁੰਦੇ ਨੇ।

ਜਦੋਂ ਤੱਕ ਇਨਸਾਨ ਅਹਿਸਾਨ ਕਰੇ, ਰਿਸ਼ਤੇ ਇਨਸਾਨੀ ਹੁੰਦੇ ਨੇ,
ਐਨੇ ਦਿਨ ਹੀ ਜਿਉਣ ਲਈ ਬਸ ਕਾਫ਼ੀ ਹੁੰਦੇ ਨੇ।

ਮੇਰੀ ਕਵਿਤਾ ਮੇਰੀ ਜ਼ਿੰਦਗੀ ਦਾ ਲਿਬਾਸ ਹੈ,
ਬੜੇ ਜ਼ੋਰ ਨਾਲ ਲੱਗੀ ਮੈਨੂੰ ਸ਼ਬਦਾਂ ਦੀ ਪਿਆਸ ਹੈ।

ਜੰਗਲਾਂ ਵਿੱਚੋਂ ਲੰਘਦਿਆਂ ਥੱਕ ਗਏ ਸਨ ਮੇਰੇ ਪੈਰ,
ਪਰ ਮਨ ਵਿੱਚ ਰੱਖਿਆ ਸਦਾ, ਮੰਜ਼ਿਲ ਦਾ ਅਹਿਸਾਸ ਹੈ।

ਕਸਕ ਰਹਿੰਦੀ ਹੈ ਬਣੀ ਮੇਰੇ ਜ਼ਿਹਨ ਦੇ ਘਰ ਵਿੱਚ,
ਕਿਸਨੂੰ ਉਡੀਕੇ ਮੇਰੀ ਕਵਿਤਾ ਸਭ ਕੁੱਝ ਤਾਂ ਪਾਸ ਹੈ?

ਖ਼ੁਸ਼ੀਆਂ ਦੀ ਮੌਜੂਦਗੀ ਕਿਸ ਲਈ ਹੁੰਦੀ ਹੈ ਆਖ਼ਰ,
ਗ਼ਮਾਂ ਨੂੰ ਭੁਲਾ ਕੇ ਮਨ ਫਿਰ ਵੀ ਉਦਾਸ ਹੈ।

ਜ਼ਿੰਦਗੀ ਦੇ ਚਸ਼ਮੇ ਨੂੰ ਕਵਿਤਾ ਡੱਕੋ-ਡੱਕ ਭਰ ਦੇਵੇ,
'ਜਸ' ਜਦ ਵੀ ਕਹੇ ਤਾਂ ਕਹੇ ਇਹੋ ਮੇਰੀ ਆਸ ਹੈ।

ਮੈਂ ਉਸ ਦੇ ਲਈ ਤੜਫ਼ਦਾ ਰਿਹਾ, ਜਿਸਨੇ ਪਛਾਣਿਆ ਨਹੀਂ,
ਮੈਂ ਉਸ ਲਈ ਪਹਿਚਾਣ ਬਣਾਉਂਦਾ ਰਿਹਾ ਜਿਸਨੇ ਜਾਣਿਆ ਨਹੀਂ।

ਹਾਂ ਮੈਂ ਸ਼ਬਦ ਕਾਵਿ-ਸਤਰਾਂ ਦੇ ਉਸ ਤੋਂ ਛੁਪਾਉਂਦਾ ਹਾਂ,
ਜਿਸਨੇ ਮੇਰੇ ਸ਼ਬਦਾਂ ਦੇ ਦਰਦ ਨੂੰ ਕਦੇ ਜਾਣਿਆ ਨਹੀਂ।

ਤੜਫ਼ਣ ਦੇ ਲਈ ਚਿੰਗਾਰੀ ਦਿੰਦੀ ਹੈ, ਸਦਾ ਹੀ ਉਹ,
ਮੇਰੇ ਦਿਲ ਮਹਿਲ 'ਚ ਵੜ੍ਹ ਕੇ ਤੜਫ਼ ਨੂੰ ਕਦੇ ਮਾਣਿਆ ਨਹੀਂ।

ਕੁੱਝ ਤਾਂ ਨਾਜ਼ ਸੀ ਮੈਨੂੰ ਆਪਣੇ ਹੰਢਾਊ ਦਿਲ 'ਤੇ,
ਕੁੱਝ ਮੈਂ ਗ਼ਮਾਂ ਨੂੰ ਹੱਦ ਤੀਕ ਕਦੇ ਮਾਣਿਆ ਨਹੀਂ।

ਗ਼ਮਾਂ ਨੂੰ ਚੁਫ਼ੇਰੇ ਵੱਲ ਕੇ ਕੀ ਕਰਾਂਗਾ ਮੈਂ,
ਘੋਰ ਨਿਰਾਸ਼ਤਾ ਨੂੰ ਜ਼ਿੰਦਗੀ ਨੇ ਕਦੇ ਸਿਆਣਿਆ ਨਹੀਂ।

ਜ਼ਿੰਦਗੀ ਦਾ ਇੱਕ ਪਾਸਾ ਖੁਸ਼ੀਆਂ ਦਾ, ਦੂਜਾ ਗ਼ਮਾਂ ਦਾ,
'ਜਸ' ਨੇ ਆਪਣੇ ਗਮਾਂ ਨੂੰ ਛੱਜ ਪਾ ਕੇ ਛਾਣਿਆ ਨਹੀਂ।

ਕੁੱਝ ਤਾਂ ਤੇਰੇ ਖ਼ਿਆਲਾਂ ਵਿੱਚ ਖੋਹ ਜਾਣ ਦਾ ਸ਼ੌਕ ਹੈ ਮੈਨੂੰ,
ਕੁੱਝ ਗੰਭੀਰ ਸੋਚਾਂ ਨੂੰ ਢੋਹ ਜਾਣ ਦਾ ਸ਼ੌਕ ਹੈ ਮੈਨੂੰ।

ਜਿੱਥੇ ਤੱਕ ਮੇਰੀ ਸੋਚ ਹੈ, ਉੱਥੇ ਤੱਕ ਤੇਰਾ ਦਿਲ ਪਛਾਣਾਂ ਮੈਂ,
ਇਸ ਗੱਲੋਂ ਪਾਣੀ 'ਚ ਪੱਥਰ ਸੁੱਟਣ ਦਾ ਨਹੀਂ ਸ਼ੌਕ ਹੈ ਮੈਨੂੰ।

ਬਹਾਰ ਨਾਲੋਂ ਵੀ ਤੇਰੇ ਦਿਲ ਦੀ ਹਰਿਆਵਲ ਹੈ ਵੱਧ ਗੂੜ੍ਹੀ,
ਸਦਾ ਲਈ ਤੇਰੇ ਪਿਆਰ ਦੀ ਖ਼ੁਸ਼ਬੂ ਹੰਢਾਉਣ ਦਾ ਸ਼ੌਕ ਹੈ ਮੈਨੂੰ।

ਜਨਮ ਮਾਂ ਦੇਵੇ ਤਾਂ ਤੂੰ ਦੇਵੇਂ ਜ਼ਿੰਦਗੀ ਦੀ ਸੌਗ਼ਾਤ,
ਕੁਦਰਤ ਤੇਰਾ ਨਾਂ ਹੈ, ਤੇਰਾ 'ਪੁੱਤ' ਕਹਾਉਣ ਦਾ ਸ਼ੌਕ ਹੈ ਮੈਨੂੰ।

ਇੱਕ ਮੇਰੀ ਫ਼ਰਿਆਦ ਹੋਰ ਮੰਨੀ ਮਮਤਾ ਦੇ ਵਾਸਤੇ,
ਪੰਜਾਬੀ ਮਾਂ ਤੋਂ ਕਦੇ ਨਾ ਦੂਰ ਹੋਵਾਂ, ਪੰਜਾਬੀ ਹੋਣ ਦਾ ਸ਼ੌਕ ਹੈ ਮੈਨੂੰ।

ਕੁੱਝ ਤਾਂ ਕਰ ਸਕਾਂ ਆਪਣੇ ਬਿਖ਼ਰੇ ਹੋਏ ਦੇਸ਼ ਲਈ,
ਚੁੱਪ ਕਰਕੇ ਦੇਸ਼ ਦੀ ਤਬਾਹੀ ਵੇਖਣ ਦਾ ਨਹੀਂ ਸ਼ੌਕ ਹੈ ਮੈਨੂੰ।

ਮੇਰੇ ਸਿਰ ਤੇ ਹੱਥ ਰੱਖੀਂ ਸਦਾ ਹੌਂਸਲੇ ਦੇ ਵਾਸਤੇ ਮਾਂ,
ਸ਼ਬਦਕਾਰ ਹਾਂ ਮੈਂ, ਤਲਵਾਰ ਸ਼ਬਦਾਂ ਦੀ ਚਲਾਉਣ ਦਾ ਸ਼ੌਕ ਹੈ ਮੈਨੂੰ।

ਗਾਵੇ ਖ਼ੁਸ਼ੀਆਂ ਦੇ ਤਰਾਨੇ, ਮੇਰੇ ਦੇਸ਼ ਦਾ ਹਰ ਕੋਈ ਬੱਚਾ,
ਚਾਰੇ ਪਾਸਿਉਂ ਫੁੱਲਾਂ ਦੀ ਮਹਿਕਦੀ ਫ਼ਿਜ਼ਾ ਵੇਖਣ ਦਾ ਸ਼ੌਕ ਹੈ ਮੈਨੂੰ।

ਤੇਰੀ ਮਮਤਾ ਦਾ ਕਰਜ਼ ਅਸੀਂ ਚੁਕਾ ਤਾਂ ਨਹੀਂ ਸਕਦੇ ਹਾਂ,
ਫਿਰ ਵੀ ਸ਼ਬਦਾਂ ਰਾਹੀਂ ਯਤਨ ਕਰਦੇ ਰਹਿਣ ਦਾ ਸ਼ੌਕ ਹੈ ਮੈਨੂੰ।

ਇਸ ਦੁਨੀਆਂ ਤੇ ਸਦਾ ਲਈ ਕਦ ਰਹਿਣਾ ਏ 'ਜਸ',
ਪਰ ਆਪਣੇ ਸ਼ਬਦਾਂ ਨੂੰ ਅਮਰ ਬਣਾ ਜਾਣ ਦਾ ਸ਼ੌਕ ਹੈ ਮੈਨੂੰ।

ਹਮਸਫ਼ਰ ਬਣ ਕੇ ਮੇਰੀ ਤੜਫ਼ ਆਪਣਾ ਆਪ ਜਤਾ ਗਈ ਮੈਨੂੰ,
ਪੀੜਾਂ ਦੇ ਮੋਤੀਆਂ ਦੇ ਤਾਜ ਨਾਲ ਸਜਾ ਗਈ ਮੈਨੂੰ।

ਹਰ ਖ਼ੁਸ਼ੀ ਤੋਂ ਪਹਿਲਾਂ ਤੇ ਫਿਰ ਬਾਅਦ ਵਿੱਚ ਗ਼ਮ ਦੇ ਕੇ,
ਹਰ ਤੜਫ਼ ’ਚੋਂ ਤਮੰਨਾ ਹਾਸਿਲ ਕਰਨੀ ਸਿਖਾ ਗਈ ਮੈਨੂੰ।

ਤੜਫ਼ ਦੀ ਕਾਲੀ ਰਾਤ ਬਣ ਕੇ ਕਦੇ ਦਿਨ ਦਾ ਚਾਨਣ ਬਣ ਕੇ,
ਤਾਰਿਆਂ ਦੀ ਟਿਮ-ਟਿਮ ਤੋਂ ਲੈ ਕੇ ਸੂਰਜ ਬਣਾ ਗਈ ਮੈਨੂੰ।

ਅਕਸਰ ਹੀ ਖੁਸ਼ੀਆਂ ਦੀ ਚਾਹਤ ਰੱਖਣ ਵਾਲੇ ਇਨਸਾਨ,
ਗ਼ਮਾਂ ਨੂੰ ਭੁੱਲ ਜਾਂਦੇ ਹਨ ਪਰ ਤੜਫ਼ ਸਿਜਦਾ ਕਰਾ ਗਈ ਮੈਨੂੰ।

ਜ਼ਿੰਦਗੀ ਦਾ ਹਰ ਪੜਾਅ ਹੈ ਇੱਕ ਕਸ਼ਮਕਸ਼ ਜਿਹੀ ਹੀ,
ਬਸ ਇਹੀ ਕਸ਼ਮਕਸ਼ ਘੁਣ ਵਾਂਗਰਾਂ ਖਾ ਗਈ ਮੈਨੂੰ।

‘ਜਸ’ ਦੀ ਤੜਫ਼ ਬਣ ਕੇ ਤੂੰ ਸ਼ਬਦਾਂ ਦਾ ਪੁਜਾਰੀ ਬਣਾ,
ਕੁੱਝ ਕਰਨ ਦੀ ਲਗਨ, ਤਮੰਨਾ ਬਣ ਕੇ ਜਗਾ ਗਈ ਮੈਨੂੰ।

ਜ਼ਿੰਦਗੀ ਉਂਝ ਹੀ ਨਹੀਂ ਬੀਤ ਜਾਂਦੀ ਸੰਘਰਸ਼ ਹੈ,
ਰੌਸ਼ਨ ਹੋ ਕੇ ਜ਼ਿੰਦਗੀ ਨੂੰ ਜਿਉਣਾ ਸਿਖਾ ਗਈ ਮੈਨੂੰ।

ਸ਼ਬਦਾਂ ਦਾ ਇਹ ਬ੍ਰਹਿਮੰਡ ਹੈ, ਨੀ ਜ਼ਿੰਦੇ ਮੇਰੀਏ,
ਤੂੰ ਕਿਹੜੇ ਤਾਰੇ ਚੁਣਦੀ ਏਂ, ਨੀ ਜ਼ਿੰਦੇ ਮੇਰੀਏ?

ਇੱਕ-ਇੱਕ ਸ਼ਬਦ ਤਾਂ ਇੱਥੇ ਬਹੁਮੁੱਲਾ ਹੈ,
ਦੱਸ ਕੀ ਕੀਮਤ ਹੈ ਤੇਰੀ, ਨੀ ਜ਼ਿੰਦੇ ਮੇਰੀਏ?

ਉਂਗਲੀ ਫੜ੍ਹ ਕੇ ਤੁਰਨਾ ਸਿੱਖ ਲੈ ਜ਼ਿੰਦੇ ਨੀ,
ਬ੍ਰਹਿਮੰਡ ਦੇ ਵਿੱਚ ਰੁਲ ਨਾ ਜਾਈਂ, ਨੀ ਜ਼ਿੰਦੇ ਮੇਰੀਏ।

ਆਪਣੇ ਸ਼ਬਦਾਂ ਨੂੰ ਦਰਦ ਦੀ ਭੱਠੀ ਵਿੱਚੋਂ,
ਵਾਂਗ ਤਾਰਿਆਂ ਲਿਸ਼ਕਾਕੇ ਕੱਢੀਂ, ਨੀ ਜ਼ਿੰਦੇ ਮੇਰੀਏ।

ਤੇਜ਼ ਪ੍ਰਕਾਸ਼ ਦੇ ਵਿੱਚ ਤੇਰੀ ਤਾਂ ਇੱਕ ਚਿਣਗ ਹੈ,
ਬਦਲੀ ਰਹੀਂ, ਹੋ ਨਾ ਜਾਈਂ ਸੁਆਹ, ਨੀ ਜ਼ਿੰਦੇ ਮੇਰੀਏ।

ਸਿੱਖ ਲੈ ਬਿਖ਼ੇਰਨੇ ਚਾਨਣ ਹੁਣ ਤੂੰ ਵੀ,
ਬ੍ਰਹਿਮੰਡ ਦੀ ਜ਼ਿੰਦ ਕਹਾ, ਨੀ ਜ਼ਿੰਦੇ ਮੇਰੀਏ।

ਅਜੇ ਤਾਂ ਸ਼ਬਦਾਂ 'ਚ ਰੰਗ ਭਰਨੇ ਨੇ ਕਈ ਤਰ੍ਹਾਂ ਦੇ,
ਰੰਗੀਨ ਸ਼ਬਦ ਬਣਾਉਣੇ ਸਿੱਖ ਲੈ, ਨੀ ਜ਼ਿੰਦੇ ਮੇਰੀਏ।

ਤੇਰੇ ਸ਼ਬਦਾਂ 'ਚੋਂ ਨਿਕਲੀ ਲਾਟ ਵੀ ਹੁਣ,
ਰੌਸ਼ਨ ਕਰੇ ਗੁੰਮਰਾਹ ਨੂੰ, ਨੀ ਜ਼ਿੰਦੇ ਮੇਰੀਏ।

ਕਰਦੀ ਰਹੀ ਇੰਤਜ਼ਾਰ ਹਮੇਸ਼ਾ ਹੀ ਉਹ ਆਸ
ਜੋ ਹਰ ਦਿਲ ’ਚ ਪੁੰਗਰਦੀ ਹੈ ਸਦਾ ਹੀ ਆਸ।

ਖ਼ੁਸ਼ੀ ਜੇ ਮੇਰੇ ਕੋਲ ਠਹਿਰਦੀ ਨਹੀਂ ਹੈ
ਕਿਸੇ ਨਾ ਕਿਸੇ ਰੂਪ ਵਿੱਚ ਠਹਿਰਦੀ ਹੀ ਆਸ।

ਕਿਉਂ ਕੁਰਲਾਹਟ ਪਾਇਆ ਬੇਸਮਝ ਲੋਕਾਂ ਲਈ
ਉਸਨੂੰ ਸੁਣ ਜੋ ਕੁਰਲਾਉਂਦੀ ਹੈ ਤੇਰੇ ਅੰਦਰ ਹੀ ਆਸ।

ਹੰਕਾਰ, ਈਰਖਾ, ਭਰਮ ਤੋਂ ਰਹਿ ਕੇ ਦੂਰ
ਦਿਲ ’ਚ ਜਗਾਉਣੀ ਹੈ ਸਦਾ ਹੀ ਆਸ।

ਵਿਕਾਰਾਂ ਤੋਂ ਦੂਰ ਮੈਂ ਲੋਕਾਂ ਤੋਂ ਪਰੇ
ਕੁਦਰਤ ਹੈ ਆਸ ਕਿ ਮੇਰਾ ਦਿਲ ਹੀ ਆਸ।

ਨਹੀਂ ਸਮਝ ਸਕਿਆ ਮੈਨੂੰ ਕੋਈ ਕਦੇ
ਕੋਈ ਗੱਲ ਨਹੀਂ, ਇਹ ਤਾਂ ਮੇਰੀ ਹੀ ਆਸ।

ਸ਼ਿਕਾਇਤ ਤਾਂ ਇੱਕੋ ਹੈ ਸਿਰਫ਼ ਇਹੋ
ਮੇਰੇ ਪਾਸ ਰਹੀ ਇਕੱਲੀ, ਸਿਰਫ਼ ਮੇਰੀ ਹੀ ਆਸ।

✵

ਜ਼ਿੰਦਗੀ ਬਦਲ ਜਾਂਦੀ ਏ, ਬਦਲੇ ਰਸਤਿਆਂ ਦੀ ਦਾਸਤਾਨ
ਜ਼ਰਾ ਕੁ ਮਾਰ ਪੈਂਡਾ ਤੂੰ ਵੀ ਕਿੰਨਾ ਕੁ ਹੈ ਆਸਾਨ।

ਮੇਰੀ ਖੁਸ਼ੀ ਵੀ ਉਦਾਸੀ 'ਚ ਹੀ ਹੈ ਸਮਾਈ
ਖੁਸ਼ੀ ਦੇ ਗੀਤ ਵੀ ਬਣ ਗਏ ਗ਼ਮਗਾਨ।

ਕਿੰਨਾ ਹਾਂ ਕੋਰਾ ਮੈਂ ਸਭ ਦੇ ਖ਼ਿਆਲ ਤੋਂ
ਕਿੰਨਾ ਕੋਰਾ ਹੈ ਮੇਰੇ ਲਈ ਸਾਰਾ ਹੀ ਜਹਾਨ।

ਕਿਉਂ ਬਣਦਾ ਹਾਂ ਮੈਂ ਫਿਰ ਵੀ ਜਵਾਬਦੇਹ
ਸਭ ਸਵਾਲਾਂ ਦੇ ਜਵਾਬ ਦੇ ਚੁੱਕੇ ਨੇ ਮੇਰੇ ਸ਼ਾਬਦਾਨ।

ਮੈਂ ਅਜਿਹੀ ਚਿਣਗ ਹਾਂ ਯਾਦ ਰੱਖੋ
ਖ਼ੁਦ ਬੁਝ ਕੇ ਹੋਰਾਂ ਲਈ ਬਣਾ ਰੌਸ਼ਨਦਾਨ।

ਮੇਰੀ ਹੈਸੀਅਤ ਬਹੁਤ ਯੋਗ ਸੀ ਜ਼ਮਾਨੇ ਲਈ
ਪਿਛਾੜ ਦੇਵਾਂ ਜੇ ਚਾਹਾਂ ਸਭ ਹੁਕਮਰਾਨ।

ਕੋਈ ਤਾਂ ਮੈਨੂੰ ਵੰਗਾਰ ਕੇ ਵੇਖੋ ਜ਼ਰਾ
ਮੈਂ ਵੀ ਪੁੱਛਾਂ, ਕੌਣ-ਕੌਣ ਹੈ ਮੇਰਾ ਕਰਜ਼ਦਾਨ?

ਆਪਣੇ ਹੀ ਹੰਝੂ ਪੀ ਕੇ ਮੈਂ ਪਿਆਸ ਬੁਝਾਈ
ਆਪਣੀਆਂ ਹੀ ਖੁਸ਼ੀਆਂ ਕੀਤੀਆਂ ਕੁਰਬਾਨ।

ਦੁਨੀਆਂ ਹੈ ਬਹੁਤ ਵੇਖੀ ਇਸ ਜਹਾਨ ’ਤੇ
ਤਰੱਕੀ ਵੀ ਬਹੁਤ ਵੇਖੀ ਇਸ ਜਹਾਨ ’ਤੇ।

ਕਰਾਂ ਗੁਜ਼ਾਰਿਸ਼ ਕਦੇ ਨਾ ਹੋਰ ਵੇਖਣ ਨੂੰ
ਸਿਖ਼ਰ ’ਤੇ ਪੁੱਜੇ ਨੂੰ ਕਹਿਣ ਇਕੱਲਾ ਇਸ ਜਹਾਨ ’ਤੇ।

ਕਦੇ ਮਹਿਸੂਸ ਕਰਕੇ ਤਾਂ ਵੇਖੋ ਜ਼ਰਾ
ਕੀ ਹੁੰਦੀ ਹੈ ਇਕੱਲਤਾ ਇਸ ਜਹਾਨ ’ਤੇ।

ਮੇਰੇ ਵੱਲ ਹੀ ਤੱਕੇ ਕਿਉਂ ਕੋਰੀ ਨਜ਼ਰ
ਮੁਸਕ੍ਰਾਹਟ ਤੋਂ ਖਾਲੀ ਅੱਖ, ਇਸ ਜਹਾਨ ’ਤੇ।

ਆਸ ਨਹੀਂ ਹੈ ਕਿਸੇ ਤੋਂ ਵੀ ਮੈਨੂੰ
ਔਲਾਦ ਨੂੰ ਔਲਾਦ ਹੀ ਮੰਨਣ ਇਸ ਜਹਾਨ ’ਤੇ।

ਕੋਈ ਦੋਸਤੀ ਨਹੀਂ ਵੇਖੀ ਤੁਹਾਡੀ ਕਦੇ
ਸਮਝ ਨਾਲ, ਭਾਵਾਂ ਨਾਲ ਇਸ ਜਹਾਨ ’ਤੇ।

ਕੁਦਰਤ ਦੇ ਸੰਗ ਤੋਂ ਬਿਨਾ ਇਕੱਲੀ ਹੈ ਜ਼ਿੰਦਗੀ
ਇਕੱਲਤਾ ਹੀ ਖੱਟੀ ਜਦੋਂ ਖੱਟੀ ਇਸ ਜਹਾਨ ’ਤੇ।

ਅਣਗਿਣਤ ਬੀਤ ਗਏ ਪਲਾਂ ਦਾ ਹੈ ਸਮਾਂ
ਤੇਰੀਆਂ ਯਾਦਾਂ ਦੇ ਸਹਾਰੇ ਕੱਟਿਆ ਹੈ ਸਮਾਂ।

ਖੁਸ਼ੀਆਂ ਨੂੰ ਪਾਉਣ ਤੋਂ ਅਸਫਲ ਹਾਂ ਮੈਂ
ਗ਼ਮ ਇਕੱਠੇ ਕਰਨ ਵਿੱਚ ਬੀਤਿਆ ਹੈ ਸਮਾਂ।

ਹੁਣ ਤਾਂ ਹਰ ਗ਼ਮ 'ਚੋਂ ਹੀ ਖੁਸ਼ੀ ਲੱਭਾਂ ਮੈਂ
ਪਤਾ ਨਹੀਂ ਇਸ ਭਾਲ ਵਿੱਚ ਕਿਵੇਂ ਲੰਘਿਆ ਹੈ ਸਮਾਂ।

ਮੇਰੀ ਸੋਚ ਤੇਰੇ ਤੱਕ ਹੀ ਸੀਮਿਤ ਹੈ
ਤੇਰੇ ਤੋਂ ਅੱਗੇ ਨਾ ਕਦੇ ਸੋਚਿਆ ਹੈ ਸਮਾਂ।

ਕਦੋਂ ਮਿਲੇਂਗੀ-ਮਿਲ ਵੀ ਜਾਹ ਕਦੇ
ਤੇਰੀ ਯਾਦ ਵਿੱਚ ਬਹੁਤ ਗੁਜ਼ਾਰਿਆ ਹੈ ਸਮਾਂ।

ਮੁੜ ਕੇ ਨਾ ਕਰੀਂ ਸ਼ਿਕਾਇਤ ਤੂੰ ਮੈਨੂੰ
ਤੇਰੀ ਵਫ਼ਾ ਨਿਭਾਉਣ ਵਿੱਚ ਨਿਭਿਆ ਹੈ ਸਮਾਂ।

ਕਰ ਉਜਾਗਰ ਮੇਰੇ ਖ਼ਾਮੋਸ਼ ਇਰਾਦਿਆਂ ਨੂੰ
ਚੁੱਪ ਰਹਿਕੇ ਵੀ ਕਦ ਗੁਜ਼ਾਰਿਆ ਜਾਂਦਾ ਹੈ ਸਮਾਂ।

ਤੜਫ਼ ਨੇ ਲਿਖਾਰੀ ਬਣਾ ਦਿੱਤਾ ਹੈ ਮੈਨੂੰ
ਤੈਨੂੰ ਸ਼ਬਦਾਂ 'ਚ ਪ੍ਰੋਣ ਲਈ ਬੀਤਿਆ ਹੈ ਸਮਾਂ।

ਕਦੇ ਤਾਂ ਕਰ ਮੇਰੀ ਪਰਵਾਹ, ਕਦੇ ਤਾਂ ਸੋਚ
ਕਦੋਂ ਮੇਰੇ ਲਈ ਤੇਰਾ ਰੁਕਿਆ ਹੈ ਸਮਾਂ।

ਮੈਂ ਹੋਰ ਕਿੰਨੀ ਵਾਰ ਝੁਕਾਂ ਤੇਰੇ ਸਮੇਂ ਅੱਗੇ
ਕੋਈ ਮੁਕਾਮ ਐਸਾ ਨਹੀਂ, ਮੇਰੇ ਅੱਗੇ ਝੁਕਿਆ ਹੈ ਸਮਾਂ।

ਖ਼ੂਬਸੂਰਤ ਅਦਾ ਹੈ ਮੌਸਮ ਦੇ ਇਸ ਨੂਰ ਦੀ
ਲੋਰ ਚੜ੍ਹੇ ਮੱਲੋ-ਮੱਲੀ ਕੁਦਰਤ ਦੇ ਸਰੂਰ ਦੀ।

ਖ਼ੁਸ਼ਬੂਆਂ ਖਿੱਲਰ ਗਈਆਂ ਚਾਰੇ ਪਾਸਿਓਂ ਹੀ
ਦਮ ਘੁੱਟਵੀਂ ਫ਼ਿਜ਼ਾ ਨਹੀਂ ਮੌਸਮ ਦੇ ਨੂਰ ਦੀ।

ਫੁੱਲਾਂ ਅਤੇ ਭੌਰਿਆਂ ਨੇ ਵੀ ਸਜਾਏ ਸੁਪਨੇ
ਤਾਬ ਝੱਲੀ ਨਾ ਜਾਵੇ ਬਹਾਰ ਦੇ ਗਰੂਰ ਦੀ।

ਬਿਰਖਾਂ ਦੀ ਹਰਿਆਵਲ ਹੈ ਪੱਤਿਆਂ ਦੇ ਨਾਲ
ਪੱਤਿਆਂ ਦੀ ਖੜ-ਖੜ ਵਿੱਚ ਤਾਲ ਸੀ ਸਰੂਰ ਦੀ।

ਮੇਰੇ ਖ਼ੁਆਬਾਂ ਨੇ ਵੀ ਭਰੀ ਅੰਗੜਾਈ ਉਦੋਂ
ਜਦੋਂ ਬਹਾਰ ਨੇ ਸੀ ਚੁੱਪ ਤੋੜੀ ਕਿਸੇ ਮਜ਼ਬੂਰ ਦੀ।

ਹਾਂ ਇਹ ਹੁਸੀਨੀਆਂ ਕੁਦਰਤ ਦੀ ਬਖ਼ਸ਼ਿਸ਼ ਨੇ
ਰੂਹ ਮੇਰੀ ਨਸ਼ਿਆਉਂਦੀ ਜਾਵੇ ਨਸ਼ੇ ਵਿੱਚ ਚੂਰਦੀ।

ਖੁਦਾ ਦਿਲ ਵਿਚ ਹੈ, ਕੁਦਰਤ ਦੇ ਘਰ ਅੰਦਰ
ਮੈਂ ਕੁੱਝ ਨਹੀਂ ਹਾਂ, ਨਾ ਗੱਲ ਕਰੋ ਦੂਰ ਦੀ।

ਜੇ ਦਿਲ ਹੋਵੇ ਉਦਾਸ ਤਾਂ ਖ਼ਤ ਲਿਖੀਂ
ਟੁੱਟੇ ਜ਼ਿੰਦਗੀ ਦੀ ਆਸ ਤਾਂ ਖ਼ਤ ਲਿਖੀਂ।

ਮੈਨੂੰ ਵੀ ਹੈ ਇੰਤਜ਼ਾਰ ਤੇਰੇ ਸੰਦੇਸ਼ ਦਾ
ਜਦ ਹੋਵੇਂ ਕਦੇ ਨਿਰਾਸ਼ ਤਾਂ ਖ਼ਤ ਲਿਖੀਂ।

ਘਿਰ ਜਾਵੇਂ ਜਦ ਜ਼ਿੰਦਗੀ ਦੀ ਕਸ਼ਮਕਸ਼ 'ਚ
ਬਣ ਜਾਣ ਸ਼ਬਦ ਇੱਕ ਆਸ ਤਾਂ ਖ਼ਤ ਲਿਖੀਂ।

ਇਨਸਾਨੀਅਤ ਦਾ ਸਬਕ ਬਹੁਤ ਹੈ ਲੰਮਾ
ਹੋਵੇ ਜੇ ਤੈਨੂੰ ਅਹਿਸਾਸ ਤਾਂ ਖਤ ਲਿਖੀਂ।

ਪੰਛੀ ਦਿਲ ਦਾ ਜਦ ਫੜਫੜਾਵੇ ਉੱਡਣ ਲਈ
ਅੰਬਰੀਂ ਉਡਾਰੀ ਲਾ ਕੇ ਆਵੇ ਪਾਸ ਤਾਂ ਖ਼ਤ ਲਿਖੀਂ।

ਮਜ਼ਬੂਰ ਨਾ ਹੋਵੀਂ ਕਦੇ ਖ਼ਤ ਲਿਖਣ ਨੂੰ
ਜਦ ਗੱਲ ਹੋਵੇ ਕੋਈ ਖ਼ਾਸ ਤਾਂ ਖ਼ਤ ਲਿਖੀਂ।

ਮਨ ਹੋਵੇ ਜਦ ਤੇਰਾ ਗੁੰਮਸੁਮ-ਗੁੰਮਸੁਮ
ਮੁੱਕ ਜਾਵੇ ਨੈਣਾਂ ਦੀ ਪਿਆਸ ਤਾਂ ਖ਼ਤ ਲਿਖੀਂ।

ਗ਼ਮ ਕੋਈ ਸਤਾਵੇ ਦਿਨ-ਰਾਤ ਤੈਨੂੰ
ਮੈਥੋਂ ਹੋਵੇ ਕਿਸੇ ਗੱਲ ਦਾ ਕਿਆਸ ਤਾਂ ਖ਼ਤ ਲਿਖੀਂ।

ਕੁੜੱਤਣ ਨਾ ਘੋਲ ਦੇਣਾ ਕਦੇ ਵੀ ਸ਼ਬਦਾਂ 'ਚ
ਜਦ ਦਿਲ ਵਿੱਚ ਹੋਵੇ ਮਿਠਾਸ ਤਾਂ ਖ਼ਤ ਲਿਖੀਂ।

ਵਾਂਗ ਪਾਣੀ ਦੇ ਬੁਲਬੁਲੇ ਕਦੋਂ ਮਿਟ ਜਾਣਾ ਏ
ਪਰ ਜਦ ਤੱਕ ਰਹਿਣ ਸੁਆਸ ਤਾਂ ਖ਼ਤ ਲਿਖੀਂ।

ਤੜਫ਼ ਦੀ ਹਰ ਪੀੜ ’ਚੋਂ ਮੈਂ ਰੌਸ਼ਨ ਹੋ ਨਿਕਲਿਆ
ਰੋਣਾ ਤਾਂ ਬਹੁਤ ਚਾਹੁੰਦਾ ਸਾਂ ਪਰ ਨਾ ਰੋ ਸਕਿਆ।

ਜਦ ਕੁਦਰਤ ਦੀ ਆਹਟ ਸੁਣ ਕੇ ਦਿਲ ਥੰਮਿਆ
ਦਰਦ ਪੰਛੀ ਅੰਬਰੀਂ ਗੇੜਾ ਲਾਉਣ ਲਈ ਉੱਡ ਗਿਆ।

ਹੋਰਾਂ ਨੂੰ ਮਿਲੇ ਮਾਂ ਤੋਂ ‘ਮਮਤਾ ਦੀ ਠੰਢਕ’
‘ਕਸਕ ਸਮੁੰਦਰ’ ਮਿਲਿਆ ਮੈਨੂੰ ਤੇ ਮੈਂ ਡੁੱਬ ਗਿਆ।

ਪਿਆਰ ਤਾਂ ਕਾਫੀ ਹੈ ਹਿਰਦੇ ਵਿੱਚ ਸਮਾਇਆ
ਮਾਂ ਦੀ ਮਮਤਾ ਨੂੰ ਸਲਾਮ ਕਰ ਮੈਂ ਖੁਸ਼ ਹੋ ਗਿਆ।

ਬਸ ਤੂੰ ਮੇਰਾ ਚਿਹਰਾ ਹੀ ਪੜ੍ਹ ਲੈ ਬਹੁਤ ਹੈ ਏਨਾ
ਸ਼ਬਦਾਂ ਦੇ ਤਲਾਬ ਨੂੰ ਨਾ ਛੇੜੀਂ ਮਸਾਂ ਸੰਭਲਿਆ।

ਜ਼ਿੰਦਗੀ ਮੇਰੀ ਦਾ ਸਾਜ਼, ਸੱਜ ਰਚੀਆਂ ਗ਼ਜ਼ਲਾਂ ਵਾਂਗ
ਆਪਣੇ ਆਪ ਨੂੰ ਬਿਆਨ ਕਰਦਾ ਚਸ਼ਮਾ ਹੋ ਗਿਆ।

ਮੇਰੀ ਤੜਫ਼ ਨੂੰ ਤੜਫ਼ ਨਾ ਕਹੀਂ ਤੂੰ ਕਦੇ ਵੀ
ਇਹੀ ਤੜਫ਼ ਮੇਰੀ ਅੱਜਕੱਲ੍ਹ ‘ਤਮੰਨਾ’ ਹੈ ਕਮਲਿਆ।

ਮੇਰਾ ਗੁਜ਼ਾਰਾ ਨਹੀਂ ਹੋ ਸਕਣਾ ਸ਼ਬਦਾਂ ਬਿਨਾਂ
ਇਕੱਲੇ ਸ਼ਬਦ ਨਹੀਂ, ਹਿਜ਼ਰ ਵੀ ਕਾਗਜ਼ ’ਤੇ ਰਚ ਗਿਆ।

ਮੇਰੇ ਲਈ ਹੁਣ ਬਦਲ ਗਏ ਜ਼ਿੰਦਗੀ ਮੇਰੀ ਦੇ ਮਾਇਨੇ
ਇਹ ਨਾ ਸੋਚਣਾ ਕਿ ਮੈਂ ਜ਼ਿੰਦਗੀ ਲਈ ਪੱਥਰ ਹੋ ਗਿਆ।

ਜੇ ਮੇਰੀ ਤੜਫ਼ ਨਾ ਹੁੰਦੀ ਤਾਂ ਮੇਰੀ ਗ਼ਜ਼ਲ ਨਾ ਹੁੰਦੀ
ਅਹਿਸਾਸ ਨਾ ਹੁੰਦਾ ਜੇ ਰੱਬ ਦਾ ਤਾਂ ਮੈਨੂੰ ਅਕਲ ਨਾ ਹੁੰਦੀ।

ਇਕੱਲਤਾ, ਤੜਫ਼, ਫ਼ਟਕਾਰ, ਬੇਕਦਰੀ ਤੇ ਮਮਤਾ ਦੀ ਕਸਕ
ਨਾ ਹੋਣ ਜੇ ਜ਼ਿੰਦਗੀ ਮੇਰੀ 'ਚ ਤਾਂ ਸ਼ਬਦਾਂ ਦੀ ਫ਼ਸਲ ਨਾ ਹੁੰਦੀ।

'ਫਸਟ ਡਿਵੀਜ਼ਨ' ਲੈ ਕੇ ਬੜੇ ਪਾਸ ਹੁੰਦੇ ਵੇਖੇ ਮੈਂ ਇਨਸਾਨ
ਫ਼ਾਇਦਾ ਕੀ ਐਸੀ ਪੜ੍ਹਾਈ ਦਾ ਜੋ ਜ਼ਿੰਦਗੀ 'ਚ ਅਮਲ ਨਾ ਹੁੰਦੀ।

ਸਿਰਫ਼ ਨੌਕਰੀ ਲਈ ਹੀ ਨਾ ਲਵੋ ਡਿਗਰੀਆਂ ਦੋਸਤੋ ਓਏ
ਇਨਸਾਨੀਅਤ ਤੋਂ ਕੋਰਿਆਂ ਦੀ ਡਿਗਰੀ ਸਫ਼ਲ ਨਾ ਹੁੰਦੀ।

ਜ਼ਿੰਦਗੀ ਉਹ ਸ਼ੈਅ ਹੈ ਜੋ ਦੁਰਲੱਭ ਹੈ ਇਨਸਾਨ ਦੇ ਲਈ
ਜਾਣ ਲਵੋ ਇਸਦੀ ਕੀਮਤ, ਸਰੀਰ 'ਚ ਰੂਹ ਮੁੜ ਦਖ਼ਲ ਨਾ ਹੁੰਦੀ।

ਮੇਰੀ ਤੜਫ਼ ਮੇਰੀ ਕਮਜ਼ੋਰੀ ਨਹੀਂ ਹੈ, ਇਹ ਜਾਣ ਲੈਣਾ
ਓ ਨੰਬਰਾਂ ਦੀ ਦੁਨੀਆਂ ਵਾਲਿਓ, ਤੜਫ਼ ਬਿਨਾ ਮੇਰੀ ਗ਼ਜ਼ਲ ਨਾ ਹੁੰਦੀ।

ਹੋਰ ਮੈਂ ਕੀ ਆਖਾਂ ਬਹੁਤ ਕੁੱਝ ਕਹਿ ਦਿੱਤਾ ਮੇਰੇ ਇਸ਼ਾਰਿਆਂ ਨੇ
ਕੁਦਰਤ ਦੇ ਅਹਿਸਾਸ ਤੋਂ ਬਿਨਾਂ ਮੇਰੀ ਜ਼ਿੰਦਗੀ ਸਫ਼ਲ ਨਾ ਹੁੰਦੀ।

ਜ਼ਿੰਦਗੀ 'ਚ ਮੇਰੀ ਆਸ ਹੈ, ਗ਼ਜ਼ਲਾਂ ਦਾ ਪੈਗ਼ਾਮ ਹੋਵੇ
ਲਾ ਡੀਕਾਂ ਪੀ ਜਾਵਾਂ ਤੜਫ਼ਦੇ ਸ਼ਬਦਾਂ ਦਾ ਜਾਮ ਹੋਵੇ।

ਸੁਣਿਆ ਤਾਂ ਸੀ ਲੋਕਾਂ ਕਹਿੰਦਿਆਂ ਨੂੰ ਜ਼ਿੰਦਗੀ ਬਾਰੇ
ਦੁੱਖ ਧੁੱਪ ਹਨ ਤੇ ਸੁੱਖ ਛਾਂ ਪਰ ਦੋਹਰੀ ਧੁੱਪ-ਛਾਂ ਦਾ ਕੀ ਨਾਮ ਹੋਵੇ ?

ਜੋ ਠੰਢੀ ਮਮਤਾ ਦਾ ਬਿਰਖ਼ ਮਿਲਦਾ ਹੈ ਹਰ ਇਨਸਾਨ ਨੂੰ
ਛਾਂ ਦੇ ਕੇ ਧੁੱਪ ਦਾ ਅਹਿਸਾਸ ਕਰਾਵੇ, ਉਸ ਬਿਰਖ਼ ਦਾ ਕੀ ਨਾਮ ਹੋਵੇ ?

ਅਹਿਸਾਸ ਬਿਨਾਂ ਕੀ ਵਿਸ਼ਵਾਸ ਹੋਵੇ ਐਸੇ ਬਿਰਖ਼ ਦਾ
ਕਾਗਜ਼ਾਂ ਤੇ ਬਿਛਾ ਦੇਵੋਂ ਜੇ ਦਿਲ ਵਿੱਚ ਸ਼ਬਦਾਂ ਦਾ ਕੁਹਰਾਮ ਹੋਵੇ।

ਅਜ਼ਲ ਤੋਂ ਹੀ ਪਿਆਸੀ ਹੈ ਮੇਰੀ ਰੂਹ ਮਮਤਾ ਦੇ ਲਈ
ਬੂੰਦ-ਬੂੰਦ ਪੀ ਜਾਵਾਂ ਜੇ ਪਿਆਸ ਮਿਟਾਉਣ ਵਾਲਾ ਕੋਈ ਜਾਮ ਹੋਵੇ।

ਦਿਸਦੇ ਦਾ ਤਾਂ ਹੱਲ ਹੋ ਜਾਵੇ, ਅਣਦਿਸਦੇ ਦਾ ਕੀ ਕਰੀਏ
ਜੋ ਚਿਰਾਗ ਤੋਂ ਰਾਖ ਕਰ ਦੇਵੇ, ਕੋਈ ਐਸਾ ਨਾ ਇਲਜ਼ਾਮ ਹੋਵੇ।

ਠੋਕਰਾਂ ਖਾ ਕੇ ਖ਼ੁਦ ਹੀ ਸੰਭਲਣਾ ਸਮਝਦਾਰੀ ਹੈ ਏਹੀ
ਬਿਨਾ ਠੋਕਰਾਂ ਮਿਲਣ ਵਾਲਾ, ਕੋਈ ਐਸਾ ਨਾ ਇਨਾਮ ਹੋਵੇ।

ਜੀ ਭਰ ਕੇ ਤੇਰੀ ਗੋਦ ਵਿੱਚ ਬੈਠਣ ਨੂੰ ਦਿਲ ਕਰੇ ਮੇਰਾ
ਕੁਦਰਤ ਮਾਂ ਦੇ ਸੰਗ ਬੀਤੇ, ਮੇਰੀ ਹਰ ਸਵੇਰ ਤੇ ਸ਼ਾਮ ਹੋਵੇ।

ਮੇਰੀਆਂ ਨਾਦਾਨੀਆਂ ਨੂੰ ਮਾਫ਼ ਕਰਕੇ ਕੁਦਰਤ ਮਾਂ
ਮਮਤਾ ਦੀ ਆਸ ਜਗਾਵੇ, ਤੇਰੀ ਮਮਤਾ ਨੂੰ ਮੇਰਾ ਸਲਾਮ ਹੋਵੇ।

'ਜਸ' ਦੀ ਜ਼ਿੰਦਗੀ ਤਾਂ ਬੀਤ ਰਹੀ ਹੈ ਤੇਰੇ ਹੀ ਆਸਰੇ ਮਾਂ
ਤੇਰੀ ਮਮਤਾ ਨਾਲ ਭਰਿਆ ਜ਼ਿੰਦਗੀ ਦਾ ਹਰ ਪੈਗ਼ਾਮ ਹੋਵੇ।

ਜਦ ਹੋਂਦ ਮੇਰੀ ਕਿਤੇ ਸਮਾਉਣ ਲਈ ਚਹਿਕਦੀ ਹੈ
ਤਦ 'ਸ਼ਬਦਾਂ ਦੀ ਕਿਆਰੀ' ਵਿੱਚ ਜਾ ਮਹਿਕਦੀ ਹੈ।

ਜਿਸ ਹਵਾ ਦੇ ਰੁਖ ਦੀ ਨਮੀਂ ਤੂੰ ਪਰਖੀ ਸੀ
ਉਹ ਹਵਾ ਮੇਰੇ ਹੀ ਸਾਹਾਂ ਵਿੱਚ ਮਹਿਕਦੀ ਹੈ।

ਮੈਂ ਨਿਰਾਸ਼ ਨਹੀਂ ਹਾਂ ਜ਼ਿੰਦਗੀ ਦੀ ਤੜਫ਼ ਤੋਂ
ਔਹ ਵੇਖੋ ਮੇਰੇ ਸ਼ਬਦਾਂ ਦੀ ਡਾਰ ਚਹਿਕਦੀ ਹੈ।

ਸਮਾਜ ਦੇ ਵਿਕਾਰਾਂ ਦੀ ਵੀ ਮੈਨੂੰ ਹੈ ਚਿੰਤਾ
ਦੱਸਣਾ ਹੈ ਤਾਂ ਹੱਲ ਦੱਸ, ਮੁਸ਼ਕਿਲ ਜੋ ਠਹਿਕਦੀ ਹੈ।

ਮੇਰੇ ਯਤਨਾਂ ਨੂੰ ਵੀ ਪਰ ਲੱਗ ਜਾਣ ਹੁਣ
ਹੱਕ ਤੋਂ ਪਹਿਲਾਂ ਫ਼ਰਜ਼ ਦੀ ਖ਼ੁਸ਼ਬੂ ਮਹਿਕਦੀ ਹੈ।

ਆਪੇ ਦੀ ਪਛਾਣ ਹੈ ਤਾਂ ਦੁਨੀਆਂ ਪਹਿਚਾਣੇਗੀ
'ਪੰਜਾਬੀ' ਦੀ ਪਛਾਣ ਲਈ ਕਲਮ ਮੇਰੀ ਟਹਿਕਦੀ ਹੈ।

ਮਾਂ-ਬੋਲੀ ਮੇਰੀਆਂ ਰਗਾਂ ਵਿੱਚ ਜਨਮ ਤੋਂ ਹੈ ਸਮਾਈ
ਇਸਦੀ ਖ਼ੁਸ਼ਬੂ ਕੱਲ੍ਹ ਵੀ ਮਹਿਕਦੀ ਸੀ ਤੇ ਅੱਜ ਵੀ ਮਹਿਕਦੀ ਹੈ।

ਮੇਰੀ ਕਵਿਤਾ ਦੀ ਭਾਵਨਾ ਤੋਂ ਮਾਂ-ਬੋਲੀ ਹੈ ਵਾਕਿਫ਼
ਜ਼ਿੰਦਗੀ ਦੀ ਚਾਲ ਹੀ ਪੰਜਾਬੀਅਤ 'ਚ ਚਹਿਕਦੀ ਹੈ।

ਫੁੱਲਾਂ ਦੀ ਡਾਲ ਤੋਂ ਕੰਢਿਆਂ ਦਾ ਜਦ ਅਹਿਸਾਸ ਹੋਵੇ
ਤਦ ਜ਼ਿੰਦਗੀ ਦੀ ਨਜ਼ਾਕਤ ਹਕੀਕਤ ਵਿੱਚ ਮਹਿਕਦੀ ਹੈ।

ਦਿਲ ਵਿੱਚ ਤੇਰਾ ਪਿਆਰ ਛੁਪਾਈ ਬੈਠੇ ਹਾਂ
ਰਗ-ਰਗ ਤੇਰੀ ਯਾਦ ਸਮਾਈ ਬੈਠੇ ਹਾਂ।

ਤੇਰੇ ਲਈ ਬਹੁਤ ਕੁੱਝ ਕਰਨ ਦੀ ਚਾਹਤ
ਵਾਂਗ ਸੀਨੇ ਦੀ ਤਪਸ਼ ਲੁਕਾਈ ਬੈਠੇ ਹਾਂ।

ਬਿਨਾਂ ਕਸੂਰੋਂ ਸਾਡੇ ’ਤੇ ਕਿਉਂ ਖ਼ਫ਼ਾ-ਖ਼ਫ਼ਾ
ਤੇਰੀਆਂ ਅਦਾਵਾਂ ’ਚ ਖ਼ੁਦ ਨੂੰ ਭੁਲਾਈ ਬੈਠੇ ਹਾਂ।

ਚਾਨਣੀ ਬਣ ਕੇ ਸਾਡੀ ਜ਼ਿੰਦਗੀ ’ਚ ਕਦ ਫੁੱਟੇਂਗੀ
ਅਸਾਂ ਰੀਝਾਂ ਨੂੰ ਲਾਰੇ ਲਾਈ ਬੈਠੇ ਹਾਂ।

ਕਰ ਦੇਣਾ ਤਬਦੀਲ ਸਾਡੀ ਜ਼ਿੰਦਗੀ ਨੂੰ
ਦਿਲ ਵਿਚ ਤੇਰੇ ਅਰਮਾਨ ਸਜਾਈ ਬੈਠੇ ਹਾਂ।

ਇੰਤਜ਼ਾਰ ਤੇਰਾ ਕਰਦੇ ਰਹੇ ਹਾਂ ਹੁਣ ਤੱਕ ਵੀ
ਵਿਛੋੜੇ ਦੀ ਕਟਾਰ ਦੇ ਹੇਠਾਂ ਸਾਹ ਲਟਕਾਈ ਬੈਠੇ ਹਾਂ।

ਆਪਣੀ ਤੜਫ਼ ਦੀਆਂ ਚਾਰ ਲਕੀਰਾਂ ਨੂੰ
ਜ਼ਿੰਦਗੀ ਵਿੱਚ ਸਰਕਾਰ ਬਣਾਈ ਬੈਠੇ ਹਾਂ।

ਬਾਕੀ ਦੇ ਸਭ ਚਾਨਣ ਤਾਂ ਰੁੱਸ ਗਏ ਨੇ
ਹੁਣ ਸ਼ਬਦਾਂ ਦੇ ਵਿੱਚ ਚਾਨਣ ਪਾਈ ਬੈਠੇ ਹਾਂ।

ਖ਼ੁਸ਼ਬੂ ਬਣ ਕੇ ਖਿੰਡ ਜਾਵੇ ਨਾ ਮਹਿਕ ਤੇਰੀ
ਦਿਲ ਵਿੱਚ ਤੇਰੀ ਪ੍ਰੀਤ ਛੁਪਾਈ ਬੈਠੇ ਹਾਂ।

ਆਪਣਿਆਂ ਲਈ ਤਾਂ ਬੇਗਾਨੇ ਸਾਂ ਪਹਿਲਾਂ ਵੀ
ਤੈਨੂੰ ਮਿਲਣ ਦੀ ਖ਼ਾਤਰ ਭੇਸ ਵਟਾਈ ਬੈਠੇ ਹਾਂ।

ੴ

ਮੈਂ ਇਨਕਾਰ ਕਦ ਕੀਤਾ ਹੈ ਖੁਸ਼ੀ ਦੇ ਨਗ਼ਮਿਆਂ ਤੋਂ
ਦੂਰ ਵੀ ਕਦ ਹੋਣਾ ਚਾਹਾਂ ਗ਼ਮਾਂ ਦੇ ਝਰਨਿਆਂ ਤੋਂ।

ਜ਼ਿੰਦਗੀ ਤਿੰਨ ਅੱਖਰਾਂ ਦਾ ਨਾਮ ਨਹੀਂ ਸੰਘਰਸ਼ ਹੈ
ਜਿਸ ਨੇ ਜੀਣਾ ਸਿੱਖ ਲਿਆ, ਉੱਤਮ ਤਗ਼ਮਿਆਂ ਤੋਂ।

ਨਾ ਸਮਝ ਲੋਕ ਹੀ ਮਨ ਦੀ ਕਸਕ ਤੋਂ ਦੂਰ ਹੁੰਦੇ
ਸੋਚਵਾਨ ਮਾਣ ਜਾਂਦੇ ਨੇ ਖੁਸ਼ੀਆਂ ਹਾਦਸਿਆਂ ਤੋਂ।

ਬੜੀ ਵੱਡੀ ਘਾਟ ਹੈ ਇੱਕ ਖ਼ਾਸ ਜਹਾਨ ਅੰਦਰ
ਫ਼ਰਜ਼ਾਂ ਨੂੰ ਚਾੜ੍ਹ ਸੂਲ਼ੀ ਝਾਕ ਰੱਖਣ ਹੱਕ ਦੇ ਤਗ਼ਮਿਆਂ ਤੋਂ।

ਕੋਈ ਰਿਸ਼ਤਾ ਅਭਿੱਜ ਨਹੀਂ ਹੱਕ ਦੀ ਲਾਲਸਾ ਤੋਂ
ਪਿੱਛੇ ਰਹਿ ਜਾਂਦੇ ਨੇ ਫ਼ਰਜ਼ ਖ਼ੁਦਗਰਜ਼ੀ ਦੇ ਸਦਮਿਆਂ ਤੋਂ।

ਕੱਖੋਂ ਹੌਲ਼ੀ ਪੈ ਚੁੱਕੀ ਹੈ ਅੱਜ-ਕੱਲ੍ਹ ਇਨਸਾਨੀਅਤ
ਜਜ਼ਬਾਤ ਨਾ ਮਾਪੇ ਜਾ ਸਕਣ ਢਿੱਡੋਂ ਜਨਮਿਆਂ ਤੋਂ।

ਇੱਥੇ ਹੋਰ ਵੀ ਲੋਕ ਗੱਲਾਂ ਕਰਦੇ ਨੇ ਬੜੀਆਂ ਸਿਆਣੀਆਂ
ਪਰ ਅਕਸਰ ਹੀ ਦੂਰ ਹੁੰਦੇ ਜ਼ਿੰਦਗੀ ਦੇ ਨਗ਼ਮਿਆਂ ਤੋਂ।

ਮੈਂ ਖ਼ੁਦ ਇੱਕ ਸ਼ਿਕਾਇਤ ਬਣ ਚੁੱਕਾ ਹਾਂ ਕੀ ਕਰਾਂ
ਲੋਕਾਂ ਨੂੰ ਮੇਰੇ ਤੇ ਸ਼ਿਕਾਇਤ ਹੈ ਬਿਨਾ ਜਾਣੇ ਸਦਮਿਆਂ ਤੋਂ।

ਪਹਿਨ ਕੇ ਤੜਫ਼ ਦਾ ਪਹਿਰਾਵਾ ਅਤੇ ਕਸਕ ਦਾ ਮੁਕਟ
ਮੈਂ ਖ਼ੁਸ਼ੀਆਂ ਲੈ ਲਈਆਂ ਨੇ ਗ਼ਮਾਂ ਦੇ ਚਸ਼ਮਿਆਂ ਤੋਂ।

ਹੰਝੂਆਂ ਨੂੰ ਪੀ ਜਾਵਾਂ ਮੈਂ ਡੀਕ ਲਾਂ ਤੜਫ਼ ਘੋਲ ਕੇ
ਸ਼ਬਦਾਂ ਦੀ ਦਹਿਲੀਜ਼ 'ਤੇ ਹਾਂ ਪਰ ਦੂਰ ਹਾਂ ਰਿਸ਼ਤਿਆਂ ਤੋਂ।

ਸਾਰੀ ਜ਼ਿੰਦਗੀ ਦਾ ਨਹੀਂ ਹਿਸਾਬ ਮੈਨੂੰ
ਕੁੱਝ ਪਲਾਂ ਦਾ ਸੱਚਾ ਪਿਆਰ ਹੀ ਖ਼ਿਤਾਬ ਮੈਨੂੰ।

ਹਰ ਇੱਕ ਦੀ ਛੋਹ ਤੋਂ ਛਿੜ ਜਾਵਾਂ ਮੈਂ
ਨਹੀਂ ਸਮਝਣਾ ਤੁਸਾਂ ਐਸੀ ਰਬਾਬ ਮੈਨੂੰ।

ਜਿਹਨਾਂ ਪਾਣੀਆਂ 'ਚ ਨਾ ਛੁਪਿਆ ਕੋਹਰਾਮ ਹੋਵੇ
ਐਸੀ ਦਿਖਾਈ ਨਾ ਕੋਈ ਚਨਾਬ ਮੈਨੂੰ।

ਜ਼ਿੰਦਗੀ ਤਾਂ ਵਿਸ਼ਾਲ ਸਮੁੰਦਰ ਹੈ ਦੋਸਤੋ
ਪਰ ਪਾਣੀ ਦੇ ਬੁਲਬੁਲਿਆਂ ਦਾ ਨਹੀਂ ਹਿਸਾਬ ਮੈਨੂੰ।

ਮਨ ਦੀ ਕਸਕ ਜੋ ਲੋਕਾਂ ਤਾਈਂ ਸਮਝਾ ਜਾਵੇ
ਲਫ਼ਜ਼ਾਂ ਦੇ ਚੰਗੇ ਲੱਗਦੇ ਐਸੇ ਗੁਲਾਬ ਮੈਨੂੰ।

ਚਸ਼ਮੇ ਤੋਂ ਫੁੱਟਦਿਓ ਪਾਣੀਓ ਓਏ
ਜ਼ਰੂਰ ਬਣਾ ਲੈਣਾ ਲਹਿਰਾਂ ਦੀ ਕਿਤਾਬ ਮੈਨੂੰ

ਜੋ ਕਿਸੇ ਦੀਆਂ ਰੀਝਾਂ ਦੇ ਫੁੱਲ ਮਧੋਲ ਦੇਵੇ
ਨਹੀਂ ਚਾਹੀਦੇ ਬਨਾਵਟੀ ਖ਼ਿਤਾਬ ਮੈਨੂੰ।

ਤਪਸ਼ ਹਾਂ, ਹਵਾ ਹਾਂ ਤੇ ਲਰਜ਼ਦਾ ਨੀਰ ਵੀ
ਹੋਰ ਕੋਈ ਵੀ ਨਾ ਫ਼ੱਬਦਾ ਨਕਾਬ ਮੈਨੂੰ।

ਕੰਢਿਆਂ ਦੀ ਚੁਭਣ ਵੀ ਤਾਂ ਹੈ ਜ਼ਿੰਦਗੀ
ਫੁੱਲਾਂ ਵਰਗੇ ਘੱਟ ਹੀ ਆਏ ਨੇ ਖ਼ੁਆਬ ਮੈਨੂੰ।

ਪੱਥਰ ਨੂੰ ਤਰਾਸ਼ੋਗੇ ਤਾਂ ਸ਼ਾਇਦ ਹੀਰਾ ਬਣੇ
ਬਿਨਾ ਪਿਆਰ ਦੇ ਨਾ ਪਾਇਓ ਗੁਲਾਬ ਮੈਨੂੰ।

ਤੇਰਿਆਂ ਖ਼ਿਆਲਾਂ ਵਿੱਚ ਰਹਿੰਦਾ ਹਾਂ ਗੁੰਮਸੁਮ
ਰਾਤ ਚਾਨਣੀ ਦੀ ਗੋਦ ਵਿੱਚ ਬਹਿੰਦਾ ਹਾਂ ਗੁੰਮਸੁਮ।

ਹਸਰਤਾਂ ਤੇਰੀਆਂ ਨੂੰ ਨਿਹਾਰਦਾ ਰਹਿੰਦਾ ਹਾਂ ਮੈਂ
ਪਰ ਜ਼ਮਾਨੇ ਦੀਆਂ ਵਧੀਕੀਆਂ ਵੀ ਸਹਿੰਦਾ ਹਾਂ ਗੁੰਮਸੁਮ।

ਚੰਨ-ਤਾਰਿਆਂ ਨਾਲ ਦਰਦ ਵੰਡਾਉਣ ਲਈ
ਖ਼ਾਮੋਸ਼ ਰਹਿ ਕੇ ਵੀ ਬਹੁਤ ਕੁਝ ਕਹਿੰਦਾ ਹਾਂ ਗੁੰਮਸੁਮ।

ਖ਼ੋਖਲਾ ਕਰ ਦਿੱਤਾ ਹਾਦਸਿਆਂ ਨੇ ਮੈਨੂੰ ਹੁਣ
ਖੰਡਰ ਇਮਾਰਤ ਵਾਂਗ ਢਹਿੰਦਾ ਹਾਂ ਗੁੰਮਸੁਮ।

ਖ਼ੁਸ਼ੀਆਂ ਜਦ ਮੈਥੋਂ ਕਿਨਾਰਾ ਕਰ ਲੈਂਦੀਆਂ ਨੇ
ਗ਼ਮਾਂ ਦੇ ਸਾਜ਼ ਲੈ ਬਹਿੰਦਾ ਹਾਂ ਗੁੰਮਸੁਮ।

ਯਾਦ ਤੇਰੀ ਵਿੱਚ ਕਲਵਲ ਹੋ ਕੇ ਹੰਝੂਆਂ ਤੋਂ
ਸ਼ਬਦਾਂ ਵਿੱਚ ਕਾਗਜ਼ 'ਤੇ ਲਹਿੰਦਾ ਹਾਂ ਗੁੰਮਸੁਮ।

ਮੰਨਿਆ ਕਿ ਤੂੰ ਮਸਤ ਏਂ ਆਪਣੀਆਂ ਅਦਾਵਾਂ 'ਚ
ਕਦੇ ਮੇਰੀ ਵੀ ਸਾਰ ਲੈਣਾ, ਕਿਵੇਂ ਰਹਿੰਦਾ ਹਾਂ ਗੁੰਮਸੁਮ।

ਆਓ ਸ਼ਬਦੋ ਤੁਹਾਨੂੰ ਜਿਊਣ ਜੋਗਾ ਕਰ ਦਿਆਂ
ਮੈਂ ਆਪਣੀ ਤੜਫ਼ ਦਾ ਤਾਜ ਸਿਰ 'ਤੇ ਧਰ ਦਿਆਂ।

ਹਾਂ ਮੈਨੂੰ ਤੁਹਾਡੀ ਦੋਸਤੀ ਰਾਸ ਆ ਗਈ
ਸੁਣਨਾ ਜ਼ਰਾ ਦੋਸਤੀ ਨੂੰ ਸਲਾਮ ਵੀ ਕਰ ਦਿਆਂ।

ਸੂਰਜ ਦੀਆਂ ਕਿਰਨਾਂ ਆ ਪਈਆਂ ਬਨੇਰੇ 'ਤੇ
ਦਿਲ ਦੇ ਖ਼ੂਹ ਵਿੱਚੋਂ ਸ਼ਬਦੋ ਡੋਲ ਭਰ ਦਿਆਂ।

ਪੰਛੀਆਂ ਦੀ ਚਹਿਕ ਵੀ ਸਵੇਰ ਲੈ ਆਈ ਹੈ
ਸ਼ਬਦੋ ਤੁਹਾਡੇ ਖ਼ੰਭਾਂ ਨੂੰ ਮੈਂ ਵੀ ਉਡਾਰ ਕਰ ਦਿਆਂ।

ਜ਼ਿੰਦਗੀ ਬਾਰੇ ਸੋਚ ਮੈਂ ਕਲਵਲ ਹਾਂ ਦੋਸਤੋ
ਨਗ਼ਮੇ ਕਸ਼ਮਕਸ਼ ਦੇ ਸ਼ਬਦਾਂ ਵਿੱਚ ਜੜ੍ਹ ਦਿਆਂ।

ਪਿਆਰ ਤੇ ਇਨਸਾਨੀਅਤ ਖ਼ਤਮ ਹੁੰਦੇ ਜਾ ਰਹੇ
ਮੈਂ ਵੀ ਇੱਕ ਇਨਸਾਨ ਵਜੋਂ ਕੁੱਝ ਨਾ ਕੁੱਝ ਤਾਂ ਕਰ ਦਿਆਂ।

ਸੂਰਜ ਵਾਂਗ ਤਪ ਸਕਾਂ, ਕੁੱਝ ਤਾਂ ਰੌਸ਼ਨ ਹੋ ਸਕਾਂ
ਸ਼ਬਦੋ ਚਾਨਣ ਕਰ ਦਿਆਂ ਇੱਕ ਜੁਗਨੂੰ ਫੜ੍ਹ ਦਿਆਂ।

ਜ਼ਿੰਦਗੀ ਦੇ ਵਿੱਚ ਕੁੱਝ ਪਾਉਣ ਲਈ ਫ਼ਿਰ
ਸ਼ਬਦੋ ਤੁਹਾਡੀ ਦਹਿਲੀਜ਼ 'ਤੇ ਕਦਮ ਮੈਂ ਵੀ ਧਰ ਦਿਆਂ।

ਕਿਉਂ ਧੀ ਨੂੰ ਪਰਾਇਆ ਲੋਕ ਸਮਝਦੇ ਨੇ
ਆਪਣੇ ਹੀ ਖ਼ੂਨ ਨੂੰ ਬੇਗਾਨਾ ਆਖ਼ਦੇ ਨੇ।

ਮਰੀ ਹੋਈ ਜ਼ਮੀਰ ਹੈ ਹੁੰਦੀ ਜਿਹਨਾਂ ਦੀ
ਖ਼ੱਫ਼ਣ ਨੂੰ ਨਹੀਂ, ਉਹ ਖ਼ੁਦ ਹੀ ਪਹਿਨਦੇ ਨੇ।

ਘਰ ਦੇ ਗਹਿਣੇ ਨੂੰ ਨਹਿਸ਼ ਕਹਿੰਦੇ ਨਾਦਾਨ ਲੋਕ
ਫਿਰ ਔਲਾਦ ਵਿਹੂਣੇ ਮਾਪੇ ਧੀ ਨੂੰ ਵੀ ਤਰਸਦੇ ਨੇ।

ਧੀ ਇੱਕ ਧਨ ਹੀ ਨਹੀਂ, ਜ਼ਿੰਦਗੀ ਦੀ ਸੌਗ਼ਾਤ ਹੈ
ਉਹ ਜ਼ਿੰਦਗੀ ਨੂੰ ਮਾਣਦੇ ਨੇ, ਜੋ ਇਹ ਸੌਗ਼ਾਤ ਸਾਂਭਦੇ ਨੇ।

ਵਕਤ ਨੇ ਕਦੇ ਮੁੜ ਨਹੀਂ ਆਉਣਾ ਹੁੰਦਾ ਏ
ਧੀਆਂ ਤੋਂ ਬਿਨਾ ਵੀ ਲੋਕ ਕੁੱਝ ਤੜਫ਼ਦੇ ਨੇ।

ਜੋ ਮਾਪੇ ਧੀਆਂ ਨੂੰ ਫ਼ਟਕਾਰਦੇ ਨੇ ਜ਼ਰੂਰ ਹੀ
ਉਹੀ ਫਿਰ ਪੁੱਤਾਂ ਤੋਂ ਵੀ ਧੱਕੇ ਖਾਂਵਦੇ ਨੇ।

ਧੀਆਂ ਜੰਨਤ ਦਾ ਸਿਰਨਾਵਾਂ ਹੁੰਦੀਆਂ ਨੇ ਲੋਕੋ,
ਕੋਈ ਅਹਿਸਾਨ ਨਹੀਂ ਜੋ ਧੀਆਂ ਨੂੰ ਜ਼ਿੰਦਗੀ ਬਖ਼ਸ਼ਦੇ ਨੇ।

ਧੀਆਂ ਪੱਥਰ ਨਹੀਂ ਹੁੰਦੀਆਂ ਉਹ ਵੀ ਔਲਾਦ ਨੇ
ਸਮਝਦਾਰ ਉਹੀ ਨੇ ਜੋ ਧੀਆਂ ਨੂੰ ਚਿਰਾਗ ਆਖ਼ਦੇ ਨੇ।

ਕਾਲਖ਼ ਵਿੱਚ ਲਿਪਟਿਆ ਹੈ ਇੱਥੇ ਹਰ ਨਗਰ
ਬਦਲੀ ਜਿਹੀ ਜਾਪਦੀ ਦੁਨੀਆਂ ਦੀ ਨਜ਼ਰ।

ਮਰੀਆਂ ਹੋਈਆਂ ਜ਼ਮੀਰਾਂ ਵਾਲੇ ਰਹਿੰਦੇ ਨੇ ਲੋਕ ਇੱਥੇ
ਬੇ-ਪਛਾਣ ਹੋਇਆ ਸੱਚ ਝੂਠ ਦੀ ਹੈ ਹਰ ਖ਼ਬਰ।

ਭ੍ਰਿਸ਼ਟਾਚਾਰੀ, ਬੇਰੁਜ਼ਗਾਰੀ, ਭੁੱਖਮਰੀ ਤੇ ਹਿੰਸਾ
ਹੋਰ ਪਤਾ ਨਹੀਂ ਕੀ-ਕੀ ਇੱਥੇ ਹੋਇਆ ਹੈ ਅਸਰ?

ਖ਼ੁਦਗ਼ਰਜ਼ੀ ਦੀ ਹੁੰਮਸ ਦਾ ਪਰਦਾ ਹਰ ਪਾਸੇ
ਬਹਿਕਿਆ ਹੋਇਆ ਹੈ ਮੇਰੇ ਦੇਸ਼ ਦਾ ਹਰ ਡਗਰ।

ਜਿਸ ਧਰਤੀ ਦਾ ਰਿਸ਼ਤਾ ਰਿਹਾ ਸੰਤ-ਫ਼ਕੀਰਾਂ ਨਾਲ
ਉਸ ਧਰਤੀ ਦਾ ਉੱਜੜਿਆ ਜਿਹਾ ਕਿਉਂ ਲੱਗੇ ਹਸ਼ਰ?

ਸਫ਼ਰ ਤਾਂ ਖ਼ਾਸ ਹੀ ਹੁੰਦਾ ਇਨਸਾਨ ਦੀ ਜ਼ਿੰਦਗੀ ਦਾ
ਪੈਰਾਂ ਦੀ ਲੋੜ ਨਹੀਂ ਹੁੰਦੀ ਹਰ ਕਦਮ, ਹਰ ਡਗਰ।

ਹੌਂਸਲਾ ਇਨਸਾਨ ਦਾ ਬਿਨਾਂ ਖੰਭਾਂ ਤੋਂ ਬੁਲੰਦ ਹੋਵੇ
ਐਸੀ ਰੌਸ਼ਨੀ ਬਿਖ਼ੇਰੇ ਜ਼ਿੰਦਗੀ ਦਾ ਹਰ ਸਫ਼ਰ।

੭੮੭੮

ਮੇਰੇ ਦਿਲ ਦੀ ਭਟਕਣਾ ਕਿ ਪਾਣੀ ਦੀ ਲਹਿਰ
ਸੁਣ ਲੈਣਾ ਮੇਰੇ ਸ਼ਬਦਾਂ ਤੋਂ ਜ਼ਰਾ ਕੁ ਠਹਿਰ।

ਧੋਖ਼ਾ ਹੈ, ਫ਼ਰੇਬ ਹੈ, ਹਰ ਮੋੜ ਪਿਆਰ ਦੀ ਮੌਤ ਹੈ
ਮੈਂ ਇੱਥੇ ਨਾ ਰਹਿ ਸਕਾਂ ਤੈਨੂੰ ਤੇਰਾ ਮੁਬਾਰਕ ਸ਼ਹਿਰ।

ਘੁੱਟਵੀਂ ਜਿਹੀ ਫ਼ਿਜ਼ਾ ਕਿਉਂ ਬਣਦੀ ਹੈ ਜਾ ਰਹੀ
ਹਾਂ, ਜ਼ਰੂਰ ਘੁਲਿਆ ਹੋਵੇਗਾ ਹਵਾ ਵਿੱਚ ਕੋਈ ਜ਼ਹਿਰ।

ਘੁਲ ਜਾਣ ਦੇ ਮੈਨੂੰ ਮੇਰੀਆਂ ਗ਼ਜ਼ਲਾਂ ਦੇ ਵਿੱਚ
ਅਸਹਿ ਬਣਦਾ ਜਾ ਰਿਹਾ ਇਹ ਅਣਦਿਸਦਾ ਕਹਿਰ।

ਕਦੇ ਆਜ਼ਾਦੀ ਲਈ ਤੇ ਕਦੇ ਕ੍ਰਾਂਤੀ ਲਈ ਵੀ
ਉੱਠਦੀਆਂ ਆਈਆਂ ਨੇ ਲਹਿਰਾਂ ਹਰ ਸ਼ਹਿਰ।

ਕਾਸ਼! ਕਦੇ ਉੱਠ ਜਾਵੇ ਇੱਕ ਸਰਵਉੱਚ ਲਹਿਰ
ਪਿਆਰ ਦੀ, ਇਨਸਾਨੀਅਤ ਦੀ ਲਹਿਰ, ਹਰ ਸ਼ਹਿਰ।

✵

ਧੀਆਂ ਦੋ ਘਰਾਂ ਦੀ ਰੌਸ਼ਨੀ ਹੁੰਦੀਆਂ ਸੱਚ ਆਖਦੇ ਨੇ
ਪੁੱਤਾਂ-ਧੀਆਂ 'ਚ ਨਾ ਰੱਖੋ ਫ਼ਰਕ ਸਿਆਣੇ ਆਖਦੇ ਨੇ।

ਸਵਰਗ ਹੁੰਦੀਆਂ ਨੇ ਧੀਆਂ ਘਰ ਆਪਣੇ 'ਚ
ਉਹੀ ਮਾਪੇ ਮਿਸਾਲ ਨੇ ਜੋ ਧੀਆਂ ਦੇ ਸੁਪਨੇ ਸਾਕਾਰਦੇ ਨੇ।

ਦਰਦ ਧੀਆਂ ਦੇ ਹੁੰਦੇ ਨੇ ਬੜੇ ਡਾਹਢੇ ਲੋਕੋ
ਸਮਝੋ ਧੀਆਂ ਦੇ ਦਰਦਾਂ ਨੂੰ ਜੋ ਕੁਰਲਾਂਵਦੇ ਨੇ।

ਇਹ ਰਿਸ਼ਤਾ ਬੜਾ ਪਿਆਰਾ ਹੁੰਦਾ ਧੀਆਂ ਦਾ
ਇਨਸਾਨ ਉਹੀ ਜੋ ਧੀਆਂ ਨੂੰ ਸਤਿਕਾਰਦੇ ਨੇ।

ਨਾ ਕਸਕ ਰੱਖੋ ਮਨ ਵਿੱਚ ਧੀਆਂ ਦੇ ਲਈ
ਧੀ ਉਹ ਚਿਰਾਗ ਨੇ ਜੋ ਰੌਸ਼ਨੀ ਬਿਖ਼ੇਰਦੇ ਨੇ।

ਧੀਆਂ ਸਿਰਫ਼ ਫੁੱਲ ਨਹੀਂ ਕੰਢਿਆਂ ਤੇ ਵੀ ਤੁਰਦੀਆਂ
ਧੀਆਂ, ਪੁੱਤਾਂ ਤੋਂ ਘੱਟ ਨਹੀਂ, ਇਹ ਫੁੱਲ ਵੀ ਮਹਿਕਦੇ ਨੇ।

ਆਪਣੇ ਮਨ ਦੀ ਤੜਫ਼ ਹੰਢਾਉਂਦੇ ਇੱਕ ਜ਼ਮਾਨਾ ਹੋ ਗਿਆ
ਤੜਫ਼ ਤੋਂ ਤਮੰਨਾ ਮਹਿਕਾਉਂਦੇ ਇੱਕ ਜ਼ਮਾਨਾ ਹੋ ਗਿਆ।

ਰਿਸ਼ਤਿਆਂ ਦਾ ਪਰਖ ਕੇ ਆਪਣਾਪਨ ਖ਼ੋਖਲਾ
ਖ਼ਾਮੋਸ਼ ਰਹਿਣ ਲਈ ਦਿਲ ਨੂੰ ਸਮਝਾਉਂਦੇ ਇੱਕ ਜ਼ਮਾਨਾ ਹੋ ਗਿਆ।

ਮੈਂ ਪਿਆਸ ਹਾਂ, ਮੈਂ ਤੜਫ਼ ਹਾਂ ਤੇ ਮੈਂ ਸਾਜ਼ ਵੀ
ਦਰਦ-ਏ-ਦਿਲ ਟਿਕਾਉਂਦੇ ਇੱਕ ਜ਼ਮਾਨਾ ਹੋ ਗਿਆ।

ਬਹਿਕ ਗਏ ਸਨ ਪੈਰ ਮੇਰੇ ਰਾਹਾਂ ਦੀ ਤਿਲਕਣ 'ਚ
ਪਰ ਕੁਦਰਤ ਮਾਂ ਦੀ ਛਾਂ ਵਿੱਚ ਰਹਿੰਦੇ ਇੱਕ ਜ਼ਮਾਨਾ ਹੋ ਗਿਆ।

ਇਨਸਾਨੀਅਤ ਦਾ ਬੂਟਾ ਹਰ ਮਨ ਵਿੱਚ ਲੱਗੇ ਤੇ ਵਧੇ
ਖ਼ੁਆਬਾਂ ਵਿੱਚੋਂ ਖ਼ੁਆਬ ਸਜਾਉਂਦੇ ਇੱਕ ਜ਼ਮਾਨਾ ਹੋ ਗਿਆ।

ਧੀਆਂ ਨੂੰ ਸਮਾਜ ਵਿੱਚ ਇੱਕ ਰੁਤਬਾ ਮਿਲ ਜਾਏ
ਹੋਠਾਂ 'ਤੇ ਅਰਦਾਸ ਟਿਕਾਉਂਦੇ ਇੱਕ ਜ਼ਮਾਨਾ ਹੋ ਗਿਆ।

ਹਰ ਦਿਲ ਦੀ ਤਮੰਨਾ ਰੱਬ ਕਰੇ ਪਰਵਾਨ ਸੱਚੀਂ
ਆਪਣੀ ਤਮੰਨਾ ਹਰ ਦਿਲ ਦੀ ਬਣਾਉਂਦੇ ਇੱਕ ਜ਼ਮਾਨਾ ਹੋ ਗਿਆ।

ਇਹ ਅਨਮੋਲ ਜ਼ਿੰਦਗੀ ਤੇ ਮੇਰਾ ਖ਼ੁਆਬ ਜ਼ਿੰਦਗੀ
ਜ਼ਿੰਦਗੀ ਦੇ ਹਰ ਪਲ ਨੂੰ ਅਜ਼ਮਾਉਂਦੇ ਇੱਕ ਜ਼ਮਾਨਾ ਹੋ ਗਿਆ।

ਦਰਦ ਬਿਨ, ਤਪਿਸ਼ ਬਿਨ ਕੀ ਜ਼ਿੰਦਗੀ ਨੇ ਮਹਿਕਣਾ
ਕਸਕ ਨਾਲ 'ਜਸ' ਨੂੰ ਮੁਸਕ੍ਰਾਉਂਦੇ ਇੱਕ ਜ਼ਮਾਨਾ ਹੋ ਗਿਆ।

ਸ਼ਬਦ ਮੇਰੇ ਹੁੰਦੇ ਨੇ ਮੇਰੀ ਪਰਛਾਈ ਅਕਸਰ
ਤਨਹਾਈ 'ਚ ਸ਼ਬਦਾਂ ਨੇ ਜ਼ਿੰਦਗੀ ਰੁਸ਼ਨਾਈ ਅਕਸਰ।

ਮੇਰੀ ਪੀੜ ਕਿਸੇ ਨਾ ਸਮਝੀ ਤੇ ਨਾ ਜਜ਼ਬਾ
ਆਪਣੀਆਂ ਰਮਜ਼ਾਂ ਨਾਲ ਮੈਂ ਸਮਝਾਈ ਅਕਸਰ।

ਇਕੱਲੇਪਨ ਤੋਂ ਬਿਨਾ ਕੋਈ ਸਹਾਰਾ ਨਹੀਂ ਹੈ ਮੇਰਾ
ਲੋਕਾਂ ਦੀ ਭੀੜ 'ਚ ਇਕੱਲਿਆਂ ਜ਼ਿੰਦਗੀ ਬਿਤਾਈ ਅਕਸਰ।

ਖ਼ਾਰੀ ਸੋਚ ਵਾਲੇ ਕੁੱਝ ਲੋਕ ਐਸੇ ਹੁੰਦੇ ਨੇ
ਗ਼ਰਜ਼ਾਂ ਲਈ ਰੋਲ ਦਿੱਤੀ ਮੇਰੀ ਅੱਛਾਈ ਅਕਸਰ।

ਫ਼ਟਕਾਰਾਂ ਸਹਿ ਕੇ ਵੀ ਮੈਂ ਆਸ ਕਰਾਂ ਇਹੋ
ਰਿਸ਼ਤਿਆਂ ਲਈ ਦਿਲ 'ਚ ਰਹੇ ਹਰਿਆਈ ਅਕਸਰ।

ਚਿਹਰਿਆਂ ਦੇ ਨਕਸ਼ਿਆਂ ਤੋਂ ਮਨ ਪੜ੍ਹਾਂ ਮੈਂ
ਥੋੜ੍ਹੀ ਜਿਹੀ ਅਦਾ ਕੁਦਰਤ ਨੇ ਸਮਝਾਈ ਅਕਸਰ।

ਤਪਿਸ਼ ਬਿਨ ਤੂੰ ਨਹੀਂ ਬਰਸ ਸਕੇਂਗਾ ਦਿਲਾ
ਖੁਸ਼ੀ ਦੇ ਕੇ ਹੋਰਾਂ ਨੂੰ ਮੈਂ ਤੜਫ਼ ਬਚਾਈ ਅਕਸਰ।

ਕਲਕਲ ਕਰਦੇ ਚਸ਼ਮੇ ਦੇ ਵਹਿਣ ਵਿੱਚ ਮੈਂ
ਵਹਿ ਜਾਵਾਂ ਇਵੇਂ ਜਿਵੇਂ ਗ਼ਜ਼ਲ ਵਹਾਈ ਅਕਸਰ।

ਬਹੁਤ ਚਿਰ ਸੰਭਲ ਕੇ ਮੇਰਾ ਚਿਹਰਾ ਮੁਸਕ੍ਰਾਇਆ
ਪਰ ਫਿਰ ਜ਼ਮਾਨੇ ਨੇ ਕੱਲਖ਼ੋਰ ਦਾ ਦੋਸ਼ ਲਾਇਆ।

ਜਦ ਇਕੱਲਿਆਂ ਹੀ ਰਹਿ ਜਾਵਾਂ ਮੈਂ ਜ਼ਮਾਨੇ 'ਚ
ਜੋ ਮੈਨੂੰ ਪਰਾਈ ਲੱਗਦੀ ਸੀ, ਉਸ ਤੜਫ਼ ਨੇ ਗਲ ਲਾਇਆ।

ਅਫ਼ਸੋਸ ਕਿ ਆਪਣਿਆਂ ਲਈ ਚਿਰਾਗ ਨਹੀਂ ਹਾਂ
ਭੁੱਬਾਂ ਨਿੱਕਲ ਗਈਆਂ ਜਦ ਇਕੱਲਿਆਂ ਰੋਣ ਆਇਆ।

ਐ ਜ਼ਿੰਦਗੀ! ਜਦ ਤੂੰ ਮੇਰੇ ਨਾਮ ਲੱਗਣਾ ਹੀ ਸੀ
ਕੱਲਖ਼ੋਰਤਾ ਦਾ ਤਾਜ ਮੇਰੇ ਸਿਰ ਕਿਉਂ ਸਜਾਇਆ?

ਬਹੁਤ ਪਿਆਰ ਹੈ ਮੇਰੇ ਦਿਲ 'ਚ ਆਪਣਿਆਂ ਲਈ
ਪਰ ਮੈਨੂੰ ਨਾ ਆਪਣੇ ਤੇ ਨਾ ਹੀ ਪਿਆਰ ਰਾਸ ਆਇਆ।

ਕਸਕ ਜੋ ਮਨ ਵਿਚ ਕੌੜੀ ਵੇਲ ਵਾਂਗ ਵਧ ਰਹੀ
ਮੇਰੇ ਸ਼ਬਦ ਹੀ ਮਿਟਾਉਣਗੇ ਜੇ ਮੈਂ ਨਾ ਮਿਟਾਇਆ।

ਨਫ਼ਰਤ ਨਾਲ ਮੈਂ ਬੁਝ ਜਾਵਾਂ ਤੇ ਫਿਰ ਨਾ ਜਗਾਂ
ਕੁਦਰਤ ਦੇ ਪਿਆਰ ਨੇ ਮੈਨੂੰ ਰੁਸ਼ਨਾਇਆ।

ਜ਼ਿੰਦਗੀ ਤਾਂ ਦੇਣ ਹੈ ਸੱਚੇ ਪਿਤਾ ਪ੍ਰਮੇਸ਼ਵਰ ਦੀ
ਜਿਹਨਾਂ ਤੜਫ਼ ਦਿੱਤੀ, ਉਹਨਾਂ ਨੂੰ ਵੀ ਗਲ ਲਾਇਆ।

ਪਾਣੀ ਦਾ ਬੁਲਬੁਲਾ ਨਹੀਂ ਹੁੰਦੀ ਏ ਜ਼ਿੰਦਗੀ
ਠਾਠਾਂ ਮਾਰਦਾ ਸਮੁੰਦਰ ਹੁੰਦੀ ਏ ਜ਼ਿੰਦਗੀ।

ਮਿਟਣਾ ਤਾਂ ਇਨਸਾਨ ਨੇ ਹੁੰਦਾ ਏ ਬਸ
ਮਿਟਣ ਵਾਲੀ ਨਹੀਂ ਹੁੰਦੀ ਏ ਜ਼ਿੰਦਗੀ।

ਹੁੰਦਾ ਜ਼ਿੰਦਗੀ ਨੂੰ ਸਮਝਣਾ ਬਹੁਤ ਮੁਸ਼ਕਿਲ
ਪਾਣੀ ਦੀ ਮੰਝਧਾਰ ਵਾਂਗ ਹੁੰਦੀ ਏ ਜ਼ਿੰਦਗੀ।

ਸਿਰਫ਼ ਖੁਸ਼ੀਆਂ ਦੇ ਤਰਾਨੇ ਹੀ ਕਿਉਂ ਗਾਉਂਦੇ ਹੋ
ਗ਼ਮਾਂ ਦਾ ਸਾਜ਼ ਵੀ ਤਾਂ ਹੁੰਦੀ ਏ ਜ਼ਿੰਦਗੀ।

ਰਸਤਿਆਂ ਦੀ ਚੋਣ ਕਰਨੀ ਬੜੀ ਹੀ ਮੁਸ਼ਕਿਲ
ਗ਼ਲਤ ਰਸਤਿਆਂ ਲਈ ਭਾਰ ਹੁੰਦੀ ਏ ਜ਼ਿੰਦਗੀ।

ਜ਼ਿੰਦਗੀ ਦੀ ਨਜ਼ਾਕਤ ਨੂੰ ਪਛਾਣ ਲੈਣਾ 'ਜਸ'
ਇਰਾਦੇ ਗਲਤ ਹੋਣ ਤਾਂ ਦੂਰ ਹੁੰਦੀ ਏ ਜ਼ਿੰਦਗੀ।

ਕਦੇ ਮੌਸਮ ’ਚੋਂ ਮਹਿਕਦੀ ਹੈ ਕੁਦਰਤ
ਕਦੇ ਬਰਸਾਤ ’ਚੋਂ ਬਰਸਦੀ ਹੈ ਕੁਦਰਤ।

ਫੁੱਲਾਂ ਦੀ ਕਹਾਣੀ ਵੀ ਪਾਉਂਦੀ ਹੈ ਕੁਦਰਤ
ਪੰਛੀਆਂ ਦੇ ਵਾਂਗ ਵੀ ਟਹਿਕਦੀ ਹੈ ਕੁਦਰਤ।

ਸੁੱਚੇ ਮੋਤੀ ਨੇ ਤ੍ਰੇਲ ਦੇ ਤੁਪਕੇ ਇਸਦੇ
ਤਾਰਿਆਂ ਦੀ ਰੌਸ਼ਨੀ ’ਚ ਚਮਕਦੀ ਹੈ ਕੁਦਰਤ।

ਚੱਟਾਨਾਂ ’ਚ ਫੁੱਟਦਾ ਹੈ ਚਸ਼ਮਾ ਕਿੰਨਾ ਪਿਆਰਾ
ਹਰ ਪਾਣੀ ਦੇ ਵਹਿਣ ’ਚ ਛਲਕਦੀ ਹੈ ਕੁਦਰਤ।

ਕਦੇ ਬੱਦਲਾਂ ਵਾਂਗ ਵੀ ਗੜਕਦੀ ਹੈ ਕੁਦਰਤ
ਕਦੇ ਧੁੱਪ ਵਾਂਗ ਵੀ ਕੜਕਦੀ ਹੈ ਕੁਦਰਤ।

ਬਰਫ਼ ਜਾਂ ਕੋਹਰੇ ਦੀ ਜਦੋਂ ਵਿਛਦੀ ਹੈ ਚਾਦਰ
ਹੁਸੀਨ ਨਜ਼ਾਰਿਆਂ ਲਈ ਨਜ਼ਰ ਬਣ ਤਿਲਕਦੀ ਹੈ ਕੁਦਰਤ।

ਦੂਰੀਆਂ ਹੁਣ ਸੰਭਵ ਨਹੀਂ ਮੇਰੀ ਤੇ ਕੁਦਰਤ ਦੀਆਂ
ਮੇਰੇ ਦਿਲ ਦੀ ਕਸਕ ਬਣ ਮਚਲਦੀ ਹੈ ਕੁਦਰਤ।

ਰੌਸ਼ਨੀ ਦਾ ਦੌਰ ਹੈ, ਫਿਰ ਵੀ ਹੈ ਅੰਧਕਾਰ ਕਿਉਂ
ਜ਼ਮਾਨੇ ਕਿੰਨੇ ਗੁਜ਼ਰ ਗਏ ਬਦਲੀ ਨਹੀਂ ਸਰਕਾਰ ਕਿਉਂ ?

ਅੰਨਦਾਤੇ ਦੇ ਪੈਰਾਂ ਤਲੇ ਨੇ ਕੰਢੇ ਬਿਖ਼ਰੇ ਹੋਏ।
ਨੇਤਾਵਾਂ ਦੇ ਗਲ਼ੇ ਵਿੱਚ ਨੇ ਫੁੱਲ-ਹਾਰ ਕਿਉਂ ?

ਇੱਕ ਤਾਂ ਵਾਅਦਿਆਂ ਲਈ ਖ਼ੁਦ ਨੂੰ ਮਿਟਾ ਦਿੰਦੇ
ਕੁੱਝ ਲੋਕਾਂ ਲਈ ਵਾਅਦੇ ਨੇ ਹਥਿਆਰ ਕਿਉਂ ?

ਜਿਸ ਨੇ ਵੀ ਆਵਾਜ਼ ਉਠਾਈ ਬੁਲੰਦ ਹੋ ਕੇ
ਉਸੇ ਨੂੰ ਹੀ ਦਬਾਉਂਦੀ ਹੈ ਸਰਕਾਰ ਕਿਉਂ ?

ਵੋਟਾਂ ਦੇ ਦਿਨਾਂ 'ਚ ਤੁਸੀਂ ਸਾਡੇ ਗੁਲਾਮ ਹੁੰਦੇ ਓ
ਸਰਕਾਰ ਕੋਈ ਵੀ ਹੋਵੇ ਭੁੱਲਦੀ ਹੈ ਇਕਰਾਰ ਕਿਉਂ ?

ਦੇਸ਼ ਤਾਂ ਮੇਰਾ 'ਸੋਨੇ ਦੀ ਚਿੜੀ' ਕਹਾਉਂਦਾ ਸੀ
ਆਰਥਿਕਤਾ ਤੇ ਸੰਸਕ੍ਰਿਤੀ 'ਤੇ ਹੁੰਦਾ ਹਰ ਵਾਰ ਕਿਉਂ ?

ਦੇਸ਼ ਦਾ ਭਵਿੱਖ ਕਹਾਉਣ ਵਾਲੀ ਨਵੀਂ ਪੀੜ੍ਹੀ
ਕੁਰਾਹੇ ਪੈ ਰਹੀ ਏ, ਹੈ ਅੰਧਕਾਰ ਕਿਉਂ ?

ਆਓ ਦੋਸਤੋ ! ਸੰਭਾਲੋ ਖ਼ੁਦ ਨੂੰ ਤੇ ਦੇਸ਼ ਨੂੰ ਵੀ
ਭ੍ਰਿਸ਼ਟਾਚਾਰ ਦੂਰ ਕਰਕੇ ਨਹੀਂ ਬਣ ਜਾਂਦੇ ਫ਼ਨਕਾਰ ਕਿਉਂ ?

ਮੇਰੀ ਜ਼ਿੰਦਗੀ ਦੇ ਨਗ਼ਮੇ ਨੂੰ ਮੇਰੀ ਤਲਾਸ਼ ਹੈ
ਮੇਰੀ ਜ਼ਿੰਦਗੀ ਦੀ ਤੜਫ਼ ਨੂੰ ਮੇਰੀ ਤਲਾਸ਼ ਹੈ।

ਮੇਰੇ ਸ਼ਬਦ ਹੀ ਹੁਣ ਮੇਰਾ ਹੌਂਸਲਾ ਬਣ ਗਏ
ਕੱਲ੍ਹ ਮੈਨੂੰ ਸੀ ਪਰ ਅੱਜ ਸੁਪਨਿਆਂ ਨੂੰ ਮੇਰੀ ਤਲਾਸ਼ ਹੈ।

ਖ਼ੁਦਾ ਦੀ ਬੰਦਗੀ ਦਾ ਸਾਜ਼ ਤਾਂ ਨਹੀਂ ਹਾਂ ਮੈਂ
ਪਰ ਜ਼ਿੰਦਗੀ ਦੀ ਇਸ ਹਕੀਕਤ ਨੂੰ ਮੇਰੀ ਤਲਾਸ਼ ਹੈ।

ਇੱਕ ਚੰਗਾ ਇਨਸਾਨ ਹੀ ਬਣਨਾ ਚਾਹਾਂ ਮੈਂ
ਇਨਸਾਨੀਅਤ ਦੀ ਚਾਹਤ ਨੂੰ ਮੇਰੀ ਤਲਾਸ਼ ਹੈ।

ਜੀਅ ਕਰੇ ਪੰਛੀ ਦੀ ਉਡਾਰ ਬਣ ਜਾਵਾਂ ਉੱਡਣ ਲਈ
ਮੇਰੇ ਸ਼ਬਦ ਕਹਿਣ ਹੌਂਸਲੇ ਨੂੰ ਮੇਰੀ ਤਲਾਸ਼ ਹੈ।

ਗ਼ਮਾਂ ਨੂੰ ਤਰੰਨੁਮ ਵਿੱਚ ਗਾਉਣਾ ਚਾਹੀਦਾ ਹੈ ਜ਼ਰੂਰ
ਸੁੱਕੇ ਪੱਤਿਆਂ ਦੇ ਵੈਰਾਗ ਨੂੰ ਮੇਰੀ ਤਲਾਸ਼ ਹੈ।

ਹਮੇਸ਼ਾ ਸੁੱਖਾਂ ਨੂੰ ਮਾਨਣ ਨਾਲ ਬਦਬੂ ਭਰ ਜਾਂਦੀ ਏ
ਐ ਜ਼ਿੰਦਗੀ! ਗਮਾਂ ਦੀ ਖ਼ੁਸ਼ਬੂ ਨੂੰ ਮੇਰੀ ਤਲਾਸ਼ ਹੈ।

ਚਾਰ ਦਿਨਾਂ ਲਈ ਜੀਅ ਪਰਚਾਉਣਾ ਸਿਰਫ਼ ਹੀ
ਜ਼ਿੰਦਗੀ 'ਚ ਇਨਸਾਨ ਬੁਲਬੁਲਾ, ਹਵਾ ਨੂੰ ਮੇਰੀ ਤਲਾਸ਼ ਹੈ।

ਤੇਰੇ ਮਨ ਦੇ ਵੈਰਾਗ ਨੇ ਕੋਈ ਸਮਝਾਈ ਨਾ ਬਾਤ
ਪਰ ਮੈਂ ਸਮਝ ਗਿਆ ਹਾਂ ਜੋ ਤੂੰ ਪਾਈ ਨਾ ਬਾਤ।

ਇੱਕ ਤੇਰੀ ਮੁਸਕਾਨ ਲਈ ਅਸਾਂ ਕੀ-ਕੀ ਕੀਤਾ ਏ
ਮੇਰੀ ਮੁਸਕਾਨ ਲਈ ਤੂੰ ਕਦੇ ਫ਼ਰਮਾਈ ਨਾ ਬਾਤ।

ਹਾਂ ਤੇਰੇ ਸੀਨੇ ਦੀ ਕਸਕ ਜਾਣਦਾ ਹਾਂ ਮੈਂ ਬਾਖ਼ੂਬੀ
ਤਾਹੀਉਂ ਤਾਂ ਤੇਰੀ ਇੱਕ ਵੀ ਦਿਲ ਨੂੰ ਲਾਈ ਨਾ ਬਾਤ।

ਸ਼ਿਕਵੇ ਤੇਰੇ ਹੁਣ ਮੇਰੇ ਵੀ ਆਪਣੇ ਬਣੇ
ਮੈਨੂੰ ਦੱਸ ਦੇਣਾ ਜੋ ਤੇਰੇ ਦਿਲ ਨੇ ਸੁਲਝਾਈ ਨਾ ਬਾਤ।

ਵੇਖਣ ਨੂੰ ਤਾਂ ਮੈਂ ਤੇਰੇ ਬਹੁਤ ਨਜ਼ਦੀਕ ਹਾਂ
ਪਰ ਦਿਲਾਂ ਦੇ ਫਾਸਲੇ ਨੇ ਕੋਈ ਪਾਈ ਨਾ ਬਾਤ।

ਅਸਾਂ ਗ਼ਮਾਂ ਨੂੰ ਦੋਸਤ ਬਣਾ ਲਿਆ ਏ ਦੋਸਤਾ
ਜਦ ਮੇਰੇ ਸਾਹਮਣੇ ਦੋਸਤੀ ਦੀ ਤੂੰ ਦੁਹਰਾਈ ਨਾ ਬਾਤ।

ਤੁਹਾਡੀ ਦਿੱਤੀ ਤੜਫ਼ ਨੂੰ ਗਲ ਨਾਲ ਲਗਾ ਕੇ ਰੱਖਾਂਗੇ
ਤੁਹਾਡੀ ਬੇਕਦਰੀ ਨੂੰ ਵੀ ਅਸਾਂ ਸਾਜ਼ ਬਣਾ ਕੇ ਰੱਖਾਂਗੇ।

ਫ਼ਟਕਾਰਾਂ ਜੋ ਮਿਲੀਆਂ ਸਾਨੂੰ ਜ਼ਮਾਨੇ ਤੋਂ ਅੱਜ
ਦਿਲ ਨੂੰ ਸਦਾ ਇਸਦਾ ਅਹਿਸਾਸ ਕਰਾ ਕੇ ਰੱਖਾਂਗੇ।

ਸਾਡੀ ਕਸਕ ਨੂੰ ਇੱਕ ਪਲ ਹੀ ਹੰਢਾ ਲੈਣਾ
ਐ ਜ਼ਮਾਨੇ। ਰਾਹਾਂ ਦੇ ਵਿੱਚ ਪਲਕਾਂ ਵਿਛਾਕੇ ਰੱਖਾਂਗੇ।

ਖ਼ਿਆਲ ਹੈ ਸਾਨੂੰ, ਸਾਡੇ ਅਹਿਸਾਸਾਂ ਤੋਂ ਪਰੇ ਹੋ
ਤੁਹਾਡੀ ਹਰ ਚਾਹਤ ਵਿੱਚ ਯਾਦ ਸਮਾ ਕੇ ਰੱਖਾਂਗੇ।

ਤੁਹਾਡੇ ਕਿਆਸ ਤੋਂ ਦੂਰ ਨੇ ਸਾਡੇ ਅਰਮਾਨ
ਅਸੀਂ ਵੀ ਮੁਖੜੇ 'ਤੇ ਨਕਾਬ ਲਗਾ ਕੇ ਰੱਖਾਂਗੇ।

ਤੜਫ਼ ਦੀ ਭੱਠੀ ਵਿੱਚ ਤਪ ਚੁੱਕੇ ਹਾਂ ਅਸੀਂ
ਪਰ ਤੁਹਾਡੇ ਲਈ ਚਿਹਰੇ 'ਤੇ ਮੁਸਕਾਨ ਸਜਾ ਕੇ ਰੱਖਾਂਗੇ।

ਕੁਦਰਤ ਦੀ ਸੁੰਦਰਤਾ ਨਾ ਉਜਾੜੋ ਦੋਸਤੋ
ਕੁਦਰਤ ਦੀ ਸੁੰਦਰਤਾ ਨੂੰ ਸੰਭਾਲੋ ਦੋਸਤੋ।

ਜ਼ਿੰਦਗੀ ਹੈ ਖ਼ਤਮ ਕੁਦਰਤ ਤੋਂ ਬਿਨਾ
ਕੁਦਰਤ ਨੂੰ ਮੰਜ਼ਿਲ ਬਣਾਵੋ ਦੋਸਤੋ।

ਹੱਕ ਆਪਣੇ ਦੀ ਕਹਾਣੀ ਤੋਂ ਪਹਿਲਾਂ
ਫ਼ਰਜ਼ ਕੁਦਰਤ ਦੇ ਪ੍ਰਤੀ ਨਿਭਾਵੋ ਦੋਸਤੋ।

ਜੰਗਲੀ ਜੀਵ ਵੀ ਨੇ ਕੁਦਰਤ ਦਾ ਹਿੱਸਾ
ਇਹਨਾਂ ਦੀ ਜ਼ਿੰਦਗੀ ਨਾ ਉਜਾੜੋ ਦੋਸਤੋ।

ਆਪਣੇ ਰਿਸ਼ਤਿਆਂ ਪ੍ਰਤੀ ਤਾਂ ਉਤੇਜਿਤ ਹੋ
ਕੁਦਰਤ ਦੇ ਰਿਸ਼ਤੇ ਨੂੰ ਵੀ ਨਿਖ਼ਾਰੋ ਦੋਸਤੋ।

ਪਿਆਰ ਕੁਦਰਤ ਦਾ ਗ਼ਮਾਂ ਨੂੰ ਭਰ ਦੇਵੇ
ਕੁਦਰਤ ਦੀ ਜ਼ਿੰਦਗੀ ਹੈ, ਸੰਭਾਲੋ ਦੋਸਤੋ।

ਮੈਂ ਤੈਨੂੰ ਪੀੜ ਦੇ ਕੇ ਕਿਵੇਂ ਜੀ ਸਕਾਂਗਾ
ਤੇਰੀ ਜੁਦਾਈ ਦੇ ਜਾਮ ਨੂੰ ਕਿਵੇਂ ਪੀ ਸਕਾਂਗਾ ?

ਕਲਵਲ ਹੋ ਜਾਂਦਾ ਹਾਂ ਤੇਰੇ ਹੰਝੂ ਵੇਖ ਕੇ ਮੈਂ
ਓ ਮੇਰੀ ਜ਼ਿੰਦਗੀ ! ਮੈਂ ਆਪਣਾ ਮੂੰਹ ਕਿਵੇਂ ਸੀ ਸਕਾਂਗਾ ?

ਮੰਨਿਆ ਕਿ ਤੇਰੇ ਸੁਪਨੇ ਮੇਰੀ ਸੋਚ ਵਰਗੇ ਨਹੀਂ
ਤੇਰੇ ਟੁੱਟਦੇ ਸੁਪਨੇ ਵੇਖ ਕੇ ਕਿਵੇਂ ਜੀ ਸਕਾਂਗਾ ?

ਤੇਰੀ ਪਛਾਣ ਅਲੱਗ ਹੈ ਤੇ ਮੇਰੀ ਪਛਾਣ ਹੋਰ ਹੈ
ਤੇਰੇ ਜਿਹਾ ਲੱਗਣ ਲਈ ਨਕਾਬ ਕਿਵੇਂ ਸੀ ਸਕਾਂਗਾ ?

ਮੈਨੂੰ ਤੇਰੀ ਖੁਸ਼ਬੂ ਬੜੀ ਚੰਗੀ ਲੱਗਦੀ ਹੈ
ਆਪਣੀ ਤੜਫ਼ 'ਚ ਘੋਲ ਕੇ ਖ਼ੁਸ਼ਬੂ ਕਿਵੇਂ ਪੀ ਸਕਾਂਗਾ ?

ਤੇਰੇ ਬਿਨਾਂ ਵੀ ਮੈਂ ਕਿਵੇਂ ਖੁਸ਼ ਰਹਾਂਗਾ ਭਲਾ
ਕਸਕ ਨਾਲ ਲਿੱਬੜੇ ਪਿਆਰ ਤੋਂ ਬਿਨਾਂ ਕਿਵੇਂ ਜੀ ਸਕਾਂਗਾ ?

ਇਹ ਦਰਦ ਜ਼ਿੰਦਗੀ ਦੀ ਆਵਾਜ਼ ਹੁੰਦੇ ਨੇ
ਸੱਚੀ ਖੁਸ਼ੀ ਤੋਂ ਪਹਿਲਾਂ ਆਗ਼ਾਜ਼ ਹੁੰਦੇ ਨੇ।

ਚੰਨ ਦੀ ਪਿਆਲੀ 'ਚ ਪਿਆਰ ਦੇ ਮੋਤੀ ਵਾਂਗ
ਖੁਸ਼ੀ ਦੇ ਪਾਣੀਆਂ ਦੇ ਹਮਰਾਜ਼ ਹੁੰਦੇ ਨੇ।

ਹਰ ਦਰਦ,ਹਰ ਤੜਫ਼ ਵਿੱਚ ਸ਼ਖ਼ਸੀਅਤ ਨੂੰ
ਘੜਨ ਵਾਲੇ ਨਿਵੇਕਲੇ ਹੀ ਸਾਜ਼ ਹੁੰਦੇ ਨੇ।

ਆਸਾਂ ਦੇ ਪਾਣੀਆਂ 'ਚ ਘੁਲੇ ਪ੍ਰੇਰਣਾ
ਐਸੇ ਕੁੱਝ ਫ਼ਨਕਾਰਾਂ ਦੇ ਅੰਦਾਜ਼ ਹੁੰਦੇ ਨੇ।

ਜੁਗਨੂੰਆਂ ਨੂੰ ਰੌਸ਼ਨੀ ਬਿਖ਼ੇਰਨ ਦੇ ਲਈ
ਮਚਲਦੀ ਤਮੰਨਾ ਦੇਣ ਵਾਲੇ ਨਿਸ਼ਾਨੇਬਾਜ਼ ਹੁੰਦੇ ਨੇ।

ਪੰਛੀਆਂ ਦੀ ਡਾਰ ਵਾਂਗ ਉੱਡਦੀ ਹੋਈ
ਪੰਜਾਬੀਅਤ ਦੀ ਪਹਿਰੇਦਾਰ ਪਰਵਾਜ਼ ਹੁੰਦੇ ਨੇ।

ਸ਼ਬਦਾਂ ਦੀ ਮੁਥਾਜ਼ ਨਹੀਂ ਹੁੰਦੀ ਕੌਮ ਦੀ ਅਣਖ਼
ਮਿੱਟੀ ਦੀ ਖ਼ੁਸ਼ਬੂ ਵਿੱਚ ਵੀ ਛੁਪੇ ਰਾਜ਼ ਹੁੰਦੇ ਨੇ।

ਹਰ ਨਗ਼ਮੇ ਲਈ ਤਗ਼ਮੇ ਲਈ ਸਨਮਾਨ ਨਹੀਂ ਹੁੰਦੇ
'ਵਤਨ ਪਿਆਰ' ਦੇ ਮੋਤੀ ਹੀ ਸਿਰ ਦਾ ਤਾਜ਼ ਹੁੰਦੇ ਨੇ।

ਜ਼ਿੰਦਗੀ ਵਿੱਚ ਤੜਫ਼ ਦਾ ਪੈਗ਼ਾਮ ਆਇਆ ਉਮਰ ਭਰ ਵਾਸਤੇ
ਹੌਂਸਲਾ ਸਦਾ ਬਰਕਰਾਰ ਰੱਖਣਾ ਮੁਸ਼ਕਿਲ ਸਫ਼ਰ ਵਾਸਤੇ।

ਹਾਦਸੇ ਤਾਂ ਹੁੰਦੇ ਨੇ ਜ਼ਿੰਦਗੀ ਦੀ ਕਹਾਣੀ ’ਚ ਹਿੱਸਾ
ਪਰ ਖ਼ੁਦ ਹਾਦਸਾ ਨਾ ਬਣ ਜਾਣਾ ਜ਼ਮਾਨੇ ਦੀ ਨਜ਼ਰ ਵਾਸਤੇ।

ਹਾਂ ਚੁਣੌਤੀਆਂ ਦਾ ਸਾਹਮਣਾ, ਤੇਰਾ ਹਰ ਮੋੜ ’ਤੇ ਹੋਵੇਗਾ
ਸਿਰ ਮੱਥੇ ਸਵੀਕਾਰ ਕਰਨਾ ਹਰ ਚੁਣੌਤੀ ਉਮਰ ਭਰ ਵਾਸਤੇ।

ਜਿਹਨਾਂ ਆਪਣਿਆਂ ਲਈ ਤੇਰਾ ਦਿਲ ਧੜਕਦਾ ਹੈ
ਕੁੱਝ ਨਾ ਕੁੱਝ ਤਾਂ ਜ਼ਰੂਰ ਕਰਨਾ ਉਹਨਾਂ ਦੀ ਕਦਰ ਵਾਸਤੇ।

ਧੀਆਂ ਭੈਣਾਂ ਦੇ ਲਈ ਰੱਖਣਾ ਹਮਦਰਦੀ ਸਦਾ ਹੀ
ਸਮਾਜ ਦੇ ਮਜ਼ਬੂਤ ਆਧਾਰ ਲਈ ਕੋਸ਼ਿਸ਼ ਉਮਰ ਵਾਸਤੇ।

ਸਾਰੇ ਸੁਪਨੇ ਤਾਂ ਜ਼ਿੰਦਗੀ ’ਚ ਪੂਰੇ ਨਹੀਂ ਹੁੰਦੇ
ਇੱਕ ਸੁਪਨੇ ’ਚੋਂ ਜ਼ਿੰਦਗੀ ਦਾ ਅਕਸ ਦਿਸੇ ਹੁਨਰ ਵਾਸਤੇ।

ਫ਼ਰਜ਼ਾਂ ਨੂੰ ਸਦਾ ਯਾਦ ਰੱਖੀਂ, ਹੱਕਾਂ ਤੋਂ ਪਹਿਲਾਂ ‘ਜਸ’
ਜ਼ਿੰਦਾ ਰੱਖਣਾ ਆਪਣੀ ਤਮੰਨਾ ਜ਼ਿੰਦਗੀ ਦੇ ਸਫ਼ਰ ਵਾਸਤੇ।

ਐ ਜ਼ਿੰਦਗੀ! ਤੈਨੂੰ ਫੁੱਲਾਂ ਨਾਲ ਸਜਾਉਣਾ ਨਾ ਮਿਲੇ
ਕਸਕ ਐਸੀ ਹੈ ਕਿ ਹੋਠਾਂ ਉੱਪਰ ਲਿਆਉਣਾ ਨਾ ਮਿਲੇ।

ਧੁੱਪ ਦੀ ਗੋਦੀ ਵਿੱਚ ਸੂਰਜੀ ਕਿਰਨਾਂ ਨੂੰ ਵੀ ਹੁਣ
ਰੌਸ਼ਨ ਹੋ ਕੇ ਆਪਣਾ ਹੀ ਹਾਲ ਸੁਣਾਉਣਾ ਨਾ ਮਿਲੇ।

ਦਿਲ ਮੇਰਾ ਤੈਨੂੰ ਮਾਂ ਆਖੇ ਐ ਕੁਦਰਤ ਪਿਆਰੀ
ਭਰੇ ਜ਼ਮਾਨੇ ਵਿੱਚ ਤੇਰੇ ਆਗੋਸ਼ 'ਚ ਆਉਣਾ ਨਾ ਮਿਲੇ।

ਖ਼ੁਦ ਨੂੰ ਬਿਆਨ ਕਰਨ ਲਈ ਇਨਸਾਫ਼ ਦੇ ਲਈ
ਸ਼ਬਦਾਂ ਤੋਂ ਬਿਨਾਂ ਹੋਰ ਕਿਸੇ ਨੂੰ ਦਰਦ ਦਿਖਾਉਣਾ ਨਾ ਮਿਲੇ।

ਅੱਖਰਾਂ ਨੂੰ ਸਾਂਭ-ਸਾਂਭ ਰੱਖਾਂ ਸ਼ਬਦ ਬਣਾਉਣ ਲਈ
ਸ਼ਬਦਾਂ ਨੂੰ ਵਾਕ ਬਣਾ ਕੇ ਮਹਿਫ਼ਿਲ 'ਚ ਸੁਣਾਉਣਾ ਨਾ ਮਿਲੇ।

ਇੱਕ ਤੋਂ ਅਨੇਕ ਬਣਨ ਲਈ ਮੈਂ ਵੀ ਹਾਂ ਕਲਵਲ
ਪਰ ਨਕਾਬ ਕੱਲਖ਼ੋਰਤਾ ਦਾ ਚਿਹਰੇ ਤੋਂ ਹਟਾਉਣਾ ਨਾ ਮਿਲੇ।

ਤੜਫ਼ ਹੈ ਦਿਲ ਵਿੱਚ ਸੁਲਘਦੀ ਪਰ ਕੀ ਕਰਾਂ ਮੈਂ
ਰਿਸ਼ਤਿਆਂ ਦੀ ਮਿਠਾਸ ਦਾ ਜਾਮ ਹੋਠਾਂ 'ਤੇ ਲਾਉਣਾ ਨਾ ਮਿਲੇ।

ਸ਼ੁਕਰ ਹੈ ਪ੍ਰਮਾਤਮਾ ਦਾ ਕਿ ਗ਼ਜ਼ਲ ਮੇਰੀ ਆਪਣੀ ਹੈ
ਗ਼ਜ਼ਲ ਤੋਂ ਬਿਨਾਂ 'ਜਸ' ਨੂੰ ਦਿਲ ਦਾ ਹਾਲ ਸੁਣਾਉਣਾ ਨਾ ਮਿਲੇ।

ਮੰਨਿਆ ਕਿ ਤੇਰੀ ਤੜਫ਼ ਤੇਰੇ ਖ਼ੂਨ ’ਚ ਹੈ ਰਲ ਗਈ
ਕੁੱਝ ਸੁਪਨਿਆਂ ਦੀ ਚਾਨਣੀ ਹਨੇਰੇ ਵਿੱਚ ਬਦਲ ਗਈ।

ਹਰ ਸ਼ਿਕਵਾ ਕਰਨ ਤੋਂ ਪਹਿਲਾਂ ਇਹ ਯਾਦ ਰੱਖਣਾ
ਸ਼ਬਦਾਂ ਨੇ ਉਡਾਣ ਉਦੋਂ ਭਰੀ ਜਦੋਂ ਤੜਫ਼ ਮਿਲ ਗਈ।

ਜ਼ਿੰਦਗੀ ਨੂੰ ਧਨ-ਦੌਲਤ ਦੇ ਸਿੱਕਿਆਂ ਨਾਲ ਨਾ ਤੋਲੀਂ
ਪਛਾਣ ਕਰਨਾ ਜ਼ਿੰਦਗੀ ਦੀ ਜਦ ਦੋ ਪਹਿਲੂਆਂ ’ਚ ਢਲ ਗਈ।

ਦੁੱਖ-ਸੁੱਖ ਦੇ ਪਹਿਲੂਆਂ ਦੀ ਤਰ੍ਹਾਂ ਜ਼ਿੰਦਗੀ ਨੇ ਅਜੇ
ਅਣਗਿਣਤ ਰੰਗ ਬਿਖੇਰਨੇ ਜਦ ਸੰਘਰਸ਼ ਵਿੱਚ ਢਲ ਗਈ।

ਬਲਦਾ ਤਾਂ ਹੋਵੇਗਾ ਤੇਰਾ ਹੰਝੂਆਂ ਦਾ ਦੀਵਾ ਅਜੇ
ਇਹ ਨਾ ਸਮਝਣਾ ਕਿ ਤੜਫ਼ ਤੇਲ ਬਣ ਕੇ ਸੜ ਗਈ।

ਕਿਸੇ ਵੇਲੇ ਤੈਨੂੰ ਆਪਣੇ ਦਰਦਾਂ ਦਾ ਬਾਗ ਵੀ ਭਾਊਗਾ
ਸਕੂਨ ਮਿਲੇਗਾ ਜਦ ਜ਼ਿੰਦਗੀ ਦੀ ਮਹਿਕ ਸਾਹਾਂ ’ਚ ਘੁਲ ਗਈ।

ਲੋੜ ਹੈ ਉਦੋਂ ਵੀ ਇਨਸਾਨ ਬਣੇ ਰਹਿਣ ਦੀ
ਜਦ ਕਿਸੇ ਹੋਰ ਦੀ ਖੁਸ਼ੀ ਤੇਰੇ ਖ਼ੁਆਬ ਛਲ ਗਈ।

ਉਦੋਂ ਵੀ ਰੱਬ ਨੂੰ ਯਾਦ ਰੱਖੀਂ ਜਦ ਹੋਠਾਂ ਤੇ ਮੁਸਕਾਨ ਹੋਵੇ
ਜ਼ਿੰਦਗੀ ਨਾਲ ‘ਜਸ’ ਦਗ਼ਾ ਨਾ ਕਰੀਂ, ਜਦ ਖੁਸ਼ੀ ਮਿੱਟੀ ’ਚ ਮਿਲ ਗਈ।

ਨਾ ਰੰਗੋ ਲੋਕੋ ਹੱਥ ਆਪਣੇ ਹੀ ਖ਼ੂਨ ਵਿੱਚ
ਤੁਹਾਡਾ ਹੀ ਤਾਂ ਖ਼ੂਨ ਹੈ ਧੀਆਂ ਦੇ ਖ਼ੂਨ ਵਿੱਚ।

ਕਦੋਂ ਤੱਕ ਗੁਲਾਮ ਬਣ ਕੇ ਰਹਿਣਾ ਚਾਹੁੰਦੇ ਹੋ ਤੁਸੀਂ
ਦੇਸ਼ ਵਾਸੀਓ! ਜ਼ਿੰਦਗੀ ਕਿਉਂ ਗੁਲਾਮ ਹੈ ਧੀਆਂ ਦੇ ਖ਼ੂਨ ਵਿੱਚ?

ਤੁਸੀਂ ਧੀਆਂ ਨੂੰ ਤਾਂ ਪਰਾਈਆਂ ਕਹਿ ਦਿੰਦੇ ਹੋ
ਪੁੱਤਾਂ ਕੋਲੋਂ ਮਹਿਸੂਸ ਨਹੀਂ ਹੁੰਦਾ, ਪਰਾਇਆਪਨ ਖ਼ੂਨ ਵਿੱਚ?

ਧੀਆਂ ਨੂੰ ਮਾਰ ਕੇ ਤੁਸੀਂ ਕੁੱਖ ਖਾਲੀ ਕਰਦੇ ਹੋ
ਕੱਖੋਂ ਹੌਲੇ ਹੋ ਕੇ ਪੁੱਤਾਂ ਕੋਲੋਂ ਸੁਲਘਦੇ ਹੋ ਖ਼ੂਨ ਵਿੱਚ।

ਪੁੱਤਾਂ ਨੂੰ ਤੁਹਾਡੀ ਸੋਚ ਹੀ ਬਣਾਉਂਦੀ ਹੈ ਮਾੜਾ
ਜੇ ਧੀਆਂ ਨੂੰ ਬਰਾਬਰ ਸਮਝੋਂ ਤਾਂ ਗੰਢਾਂ ਨਾ ਪੈਣ ਖ਼ੂਨ ਵਿੱਚ।

ਧੀਆਂ, ਪੁੱਤਾਂ ਦੇ ਅਨੁਪਾਤ ਵਿਚਲੇ ਫ਼ਾਸਲੇ ਨੇ ਹੀ
ਲੰਘੀਆਂ ਨੇ ਹੱਦਾਂ ਸਮਾਜ ਵਿੱਚ, ਪਰਿਵਾਰ ਦੇ ਖ਼ੂਨ ਵਿੱਚ।

ਸਿਰਫ਼ ਸ਼ਬਦੀ ਨਹੀਂ, ਮੈਨੂੰ ਦਿਲੋਂ ਤੜਫ਼ ਹੈ ਧੀਆਂ ਲਈ
ਉਹਨਾਂ ਭੈਣਾਂ ਲਈ ਵੀ ਜੋ ਵਿਛੜ ਗਈਆਂ ਇਸ ਜੂਨ ਵਿੱਚ।

ਦਿਲ ਵਿੱਚ ਪਿਆਰ ਦਾ ਕੋਈ ਤਾਂ ਜਜ਼ਬਾ ਰੱਖੋ
ਇਨਸਾਨ ਹੋਣ ਦਾ ਕੋਈ ਤਾਂ ਅੰਦਾਜ਼ਾ ਰੱਖੋ।

ਜੇ ਆਪਣੇ ਖ਼ੁਆਬ ਟੁੱਟ ਕੇ ਬਿਖ਼ਰ ਗਏ ਨੇ
ਕਿਸੇ ਹੋਰ ਦੇ ਖ਼ੁਆਬ ਤੋੜਨ ਦਾ ਨਾ ਇਰਾਦਾ ਰੱਖੋ।

ਆਪਣਿਆਂ ਨੂੰ ਆਪਣੇ ਕਹਿ ਕੇ ਜ਼ਖ਼ਮ ਦੇਣਾ
ਐਸਾ ਨਾ ਅਣਕਹੇ ਗੁਨਾਹਗਾਰਾਂ ਦਾ ਵਤੀਰਾ ਰੱਖੋ।

ਜ਼ਿੰਦਗੀ ਨੂੰ ਕਦੇ ਨਾ ਮਿਟਣ ਵਾਲੀ ਕਸਕ ਨਾ ਬਣਾਓ
ਜ਼ਿੰਦਗੀ ਨੂੰ ਮਾਨਣ ਦਾ ਕਦੇ ਤਾਂ ਦਾਅਵਾ ਰੱਖੋ।

ਹਾਸਲ ਕੁੱਝ ਵੀ ਨਹੀਂ ਹੋਣਾ ਅੱਖਾਂ ਮੀਚ ਕੇ
ਸੁੱਖ ਚਾਹੁੰਦੇ ਹੋ ਤਾਂ ਦੁੱਖਾਂ ਨੂੰ ਝੱਲਣ ਦਾ ਜੇਰਾ ਰੱਖੋ।

ਬੜੇ ਫ਼ਖ਼ਰ ਨਾਲ ਕਹਿੰਦੇ ਹੋ ਖ਼ੁਦਾ ’ਤੇ ਵਿਸ਼ਵਾਸ ਹੈ
ਕੱਚ ਦੀਆਂ ਕਿਆਰੀਆਂ ਤੋਂ ਲੈ ਕੇ ਦਿਲ ’ਚ ਖ਼ੁਦਾ ਰੱਖੋ।

ਉਹ ਪਿਆਰ ਕੀ ਜੋ ਖ਼ੁਰ ਜਾਵੇ ਨਫ਼ਰਤ ਦੇ ਸਾਹਮਣੇ
ਚਿੰਨ੍ਹ ਹੋਰ, ਦਰਸਾਵੇ ਕੁੱਝ ਹੋਰ, ਐਸਾ ਪਿਆਰ ਦਾ ਨਾ ਨਕਸ਼ਾ ਰੱਖੋ।

ਦਿਲੋ-ਦਿਮਾਗ ਇਸ ਕਦਰ ਕੂੜਾਦਾਨ ਨਾ ਬਣਾਓ
ਕੂੜ ਬਣ ਜਾਵੇ ਜ਼ਿੰਦਗੀ ਨਾ ਹੀ ਕਿਸੇ ਲਈ ਸਾੜਾ ਰੱਖੋ।

ਉੱਚਾ-ਨੀਵਾਂ ਹੋਰ ਕੁੱਝ ਨਹੀਂ ਸਿਰਫ਼ ਆਪਣੀ ਸੋਚ ਹੈ
ਜ਼ਿੰਦਗੀ ਲਈ ‘ਜਸ’ ਇੱਕ ਨਜ਼ਰੀਆ ਆਪਣਾ ਰੱਖੋ।

ਤੈਨੂੰ ਕਿਸ ਹੋਣੀ ਦਾ ਗ਼ਮ ਹੋ ਗਿਆ
ਅਚਾਨਕ ਇਹ ਹਿਮ-ਦਿਲ ਕਿਉਂ ਨਮ ਹੋ ਗਿਆ?

ਤੇਰੀ ਹੀ ਟਾਹਣੀ ਦੇ ਪੱਤਿਆਂ ਨੇ ਤੈਨੂੰ
ਕਿਹੜਾ ਗੀਤ ਸੁਣਾਇਆ ਕਿ ਤੂੰ ਗ਼ਮ ਹੋ ਗਿਆ?

ਨੀਰ ਤਾਂ ਬਹੁਤ ਸੀ ਤੇਰੀਆਂ ਅੱਖਾਂ ਵਿੱਚ
ਕਿਉਂ ਪਿਆਸ ਰੱਖੀ, ਕਿਉਂ ਨਾ ਛਮ ਹੋ ਗਿਆ?

ਇਸ ਪਾਣੀ ਦੇ ਗੇੜ ਨੂੰ ਕਦੋਂ ਤੱਕ ਚਲਾਏਂਗਾ
ਕਿਵੇਂ ਸ਼ਬਦਾਂ ਦਾ ਬੂਟਾ ਤੇਰਾ ਦਮ ਹੋ ਗਿਆ?

ਕਿਉਂ ਤੜਫ਼ ਨੂੰ ਲੋਚਦੈਂ ਸਾਰੀ ਉਮਰ
ਤੇਰੇ ਹਾਸਿਆਂ ਦਾ ਸਮੁੰਦਰ ਕਿਉਂ ਕਮ ਹੋ ਗਿਆ?

ਪਹਿਲਾਂ ਤਾਂ ਨਹੀਂ ਸੀ ਇਸ ਤਰ੍ਹਾਂ ਦਾ ਤੂੰ
ਗ਼ਮਾਂ ਤੋਂ ਚੋਰੀ ਹੱਸਦੈਂ ਕਿਹੜਾ ਗ਼ਮ ਹੋ ਗਿਆ?

ਦਿਲ ਦੀ ਨਜ਼ਰ ਤੇਰੀ ਬਹੁਤ ਤੇਜ਼ ਹੈ ਜਾਪਦੀ
ਕੌਣ ਹੈ ਤੇਰੇ ਅੰਦਰ ਕਿ ਮੈਂ ਤੋਂ ਹਮ ਹੋ ਗਿਆ?

ਜਦੋਂ ਸ਼ਬਦਾਂ ਦੀ ਲਿਵ ਲੱਗੀ ਸੀ ਤੈਨੂੰ
ਕਿਹੜਾ ਮੌਸਮ ਸੀ ਕਿ ਹਿਰਦਾ ਨਮ ਹੋ ਗਿਆ?

ਕਾਗਜ਼ਾਂ ਨੂੰ ਕਲਮ ਰਾਹੀਂ ਦਰਦ ਪਿਆ ਦੱਸਦਾ ਏਂ
ਸਾਂਝ ਦਾ ਰਿਸ਼ਤਾ ਨਾਲ ਦੁਨੀਆਂ ਕਿਵੇਂ ਕਮ ਹੋ ਗਿਆ?

ਇੱਕੋ ਪਹਿਚਾਣ ਨਾਲ ਰਹਿਣਾ ਏਂ ਸਾਰੀ ਉਮਰ
ਕਿਸ ਸੁਪਨੇ ਦੇ ਖਿਆਲਾਂ 'ਚ ਏਨਾ ਜਮ ਹੋ ਗਿਆ?

ਕੁਦਰਤ ਦੀ ਪਰਛਾਈ ਤੇ ਖ਼ੁਦਾ ਦੀ ਖ਼ੁਦਾਈ 'ਚ
ਕਿਵੇਂ ਏਨਾ ਜਲਦੀ ਘੁਲ-ਮਿਲ ਹਮ ਹੋ ਗਿਆ?

ਸਮੇਂ ਦੀ ਲਹਿਰ ਨੂੰ ਸ਼ਬਦਾਂ ਵਿੱਚ ਪਰੋ ਕੇ
ਤੇਰਾ ਦਿਲ ਏਨੀ ਛੇਤੀ ਕਿਉਂ ਨਮ ਹੋ ਗਿਆ।

ਕਿਸ ਚਾਹਤ ਦੀ ਤੀਬਰਤਾ ਨੇ ਬਦਲ ਦਿੱਤਾ ਏਨਾ
ਕਿਵੇਂ ਹੱਸਦਾ ਖੇਡਦਾ 'ਜਸ' ਏਨਾ ਗ਼ਮ ਹੋ ਗਿਆ?

ਹਿਰਦੇ ਦੀ ਤਪਸ਼ ਨੇ ਨੀਰ ਪਿਘਲਾ ਕੇ
ਸ਼ਬਦਾਂ ਦਾ ਬੂਟਾ ਸਿੰਜਿਆ ਤੇ ਨਮ ਹੋ ਗਿਆ।

✵

ਮੈਂ ਤੜਫ਼ ਦੇ ਪਿੰਜਰੇ ਦਾ ਪੰਛੀ ਹਾਂ ਕੈਦੀ ਹਾਂ
ਲਿਆ ਮਾਲਕਾ ਹੰਝੂਆਂ ਦਾ ਚੋਗਾ ਮੈਂ ਆਦੀ ਹਾਂ।

ਜੇ ਦਿਲ ਕਰੇ ਤਾਂ ਨਜ਼ਰ ਉਠਾ ਕੇ ਵੇਖਣਾ ਜ਼ਰਾ
ਹੰਝੂਆਂ ਦੀ ਤ੍ਰੇਲ ਛੁਪਾ ਮੁਸਕ੍ਰਾਉਂਦੇ ਫੁੱਲਾਂ ਦੀ ਵਾਦੀ ਹਾਂ।

ਬੇਚੈਨ ਨੂੰ ਚੈਨ ਦੇਣ ਵਾਲਾ ਨਾਦ ਹਾਂ ਮੈਂ ਦੋਸਤੋ
ਤੜਫ਼ ਦੇ ਰੰਗ ਵਿੱਚ ਰੰਗਿਆ ਮੈਂ ਰੰਗ ਸ੍ਰੋਦੀ ਹਾਂ।

ਕਿਹੜਿਆਂ ਰੰਗਾਂ ਵਿੱਚ ਰਾਜ਼ੀ ਰਹੇਂ ਤੂੰ ਮਾਲਕਾ ਕੀ ਪਤਾ
ਜ਼ਿੰਦਗੀ ਦਾ ਪਾਣੀ ਹਾਂ, ਹਰ ਰੰਗ 'ਚ ਘੁਲਣ ਦਾ ਆਦੀ ਹਾਂ।